# ਬਲਦੇਵ ਸਿੰਘ ਧਾਲੀਵਾਲ ਦੀ ਸਫ਼ਰਨਾਮਾਕਾਰੀ

ਸੰਪਾਦਕ :
ਡਾ. ਸੁਖਪਾਲ ਸਿੰਘ ਥਿੰਦ

International Publishers
of Indian and Foreign Languages

**Representation Offices**
• 596 Street, Madera, California-93638
• 8 Automatic Rd, Unit 2C, Brampton L6S 3N5, Canada

*Punjabi Criticism/Travelogue*

ISBN : 978-93-5068-172-5
Price : 250/-

**Baldev Singh Dhaliwal Di Safarnamakari**

*Edited by*

**Dr. Sukhpal Singh Thind**
Associate Professor, Govt. College, Kapurthala
Mobile : 9888521960
e-mail : sukhpalthind@yahoo.com

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan, Ludhiana
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

© *Editor*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ

* ਬਲਦੇਵ ਸਿੰਘ ਧਾਲੀਵਾਲ ਦੀ ਸਫ਼ਰਨਾਮਾਕਾਰੀ ਦਾ ਸੰਵਾਦ 9

**ਭਾਗ ਪਹਿਲਾ**

* ਮੋਤੀਆਂ ਦੀ ਚੋਗ : ਦਿਸ਼ਾ ਅਤੇ ਦ੍ਰਿਸ਼ਟੀ 17

  *ਬਲਵਿੰਦਰ ਸਿੰਘ ਗਰੇਵਾਲ*
* ਮੋਤੀਆਂ ਦੀ ਚੋਗ : ਸਫ਼ਰਨਾਮੇ ਦੀਆਂ ਨਵੀਆਂ ਸੰਭਾਵਨਾਵਾਂ ਦਾ ਸੰਗਮ 25

  *ਡਾ. ਸੁਖਪਾਲ ਸਿੰਘ ਥਿੰਦ*
* ਮੋਤੀਆਂ ਦੀ ਚੋਗ : ਅੰਤਰ-ਸਭਿਆਚਾਰਕ ਦਵੰਦ ਦੀ ਪੇਸ਼ਕਾਰੀ 36

  *ਹਰਜਿੰਦਰ ਸਿੰਘ*
* ਮੋਤੀਆਂ ਦੀ ਚੋਗ : ਰੀਵਿਊ ਅਤੇ ਸੰਖੇਪ ਟਿੱਪਣੀਆਂ 51

**ਭਾਗ ਦੂਜਾ**

* ਥੇਮਜ਼ ਨਾਲ ਵਗਦਿਆਂ : ਪਾਠਕ ਦੀ ਅਨੁਕ੍ਰਿਆ 74

  *ਡਾ. ਕਲਦੀਪ ਸਿੰਘ ਧੀਰ*
* ਥੇਮਜ਼ ਨਾਲ ਵਗਦਿਆਂ : ਕੁਝ ਪ੍ਰਭਾਵ 86

  *ਡਾ. ਸੁਰਜੀਤ*
* ਥੇਮਜ਼ ਨਾਲ ਵਗਦਿਆਂ : ਇਕ ਸੰਵਾਦ 96
* ਥੇਮਜ਼ ਨਾਲ ਵਗਦਿਆਂ : ਰਚਨਾਤਮਕ ਪਾਸਾਰ 107

  *ਹਰਜਿੰਦਰ ਸਿੰਘ*
* ਥੇਮਜ਼ ਨਾਲ ਵਗਦਿਆਂ ਬਾਰੇ ਕਾਵਿ-ਸੰਵਾਦ 119

  *ਸਰਬਜੀਤ ਸਿੰਘ ਵਿਰਕ*
* ਥੇਮਜ਼ ਨਾਲ ਵਗਦਿਆਂ : ਰੀਵਿਊ ਅਤੇ ਸੰਖੇਪ ਟਿੱਪਣੀਆਂ 124

## ਭਾਗ ਤੀਜਾ


* ਚੰਨ ਤੇ ਤਾਰਾ : ਦੀਦਾਰ-ਏ-ਪਾਕਿਸਤਾਨ 132

  *ਡਾ. ਬਲਜਿੰਦਰ ਨਸਰਾਲੀ*
* ਚੰਨ ਤੇ ਤਾਰਾ : ਸਹਿਮ ਦੇ ਸਾਏ ਹੇਠਲੀ ਯਾਤਰਾ ਦਾ ਬਿਰਤਾਂਤ 140

  *ਹਰਜਿੰਦਰ ਸਿੰਘ*
* ਚੰਨ ਤੇ ਤਾਰਾ : ਰੀਵਿਊ 151
* **ਅੰਤਿਕਾ :** ਬਲਦੇਵ ਸਿੰਘ ਧਾਲੀਵਾਲ : ਰਚਨਾ-ਕਾਰਜ 155

## ਮੋਤੀਆਂ ਦੀ ਚੋਗ : ਅੰਤਰ-ਸਭਿਆਚਾਰਕ ਦਵੰਦ ਦੀ ਪੇਸ਼ਕਾਰੀ

ਹਰਜਿੰਦਰ ਸਿੰਘ

ਪੰਜਾਬੀ ਸਾਹਿਤ ਜਗਤ ਵਿਚ ਪ੍ਰੋ. ਬਲਦੇਵ ਸਿੰਘ ਧਾਲੀਵਾਲ ਇਕ ਸਰਗਰਮ ਹਸਤਾਖ਼ਰ ਹੈ। ਉਸ ਨੇ ਪੰਜਾਬੀ ਕਵਿਤਾ, ਕਹਾਣੀ, ਆਲੋਚਨਾ ਅਤੇ ਵਾਰਤਕ ਆਦਿ ਸਾਹਿਤ ਵਿਧਾਵਾਂ ਉਪਰ ਹੱਥ ਅਜਮਾਇਆ ਹੈ ਅਤੇ ਇਕ ਪ੍ਰਤਿਭਾਸ਼ੀਲ ਸਾਹਿਤਕਾਰ/ਚਿੰਤਕ ਹੋਣ ਦਾ ਸਬੂਤ ਦਿੱਤਾ ਹੈ। ਸਮਕਾਲੀ ਪੰਜਾਬੀ ਸਫ਼ਰਨਾਮਾ ਸਾਹਿਤ ਦੀ ਵਿਕਾਸ ਰੇਖਾ ਵਿਚ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਵਾਧਾ ਕਰਦਾ ਹੋਇਆ, ਉਹ ਇਸ ਵਿਧਾ ਦੀਆਂ ਪਰੰਪਰਕ ਸੀਮਾਵਾਂ ਨੂੰ ਤੋੜਦਾ ਹੈ। ਉਸ ਦੇ ਸਫ਼ਰਨਾਮੇ ਰਾਹੀਂ ਇਸ ਵਿਧਾ ਦੀਆਂ ਅਗਲੇਰੀਆਂ ਸੰਭਾਵਨਾਵਾਂ ਦੀ ਟੋਹ ਮਿਲਦੀ ਹੈ।

ਅਧਿਐਨ ਅਧੀਨ ਸਫ਼ਰਨਾਮੇ **ਮੋਤੀਆਂ ਦੀ ਚੋਗ** ਵਿਚ ਲੇਖਕ ਨੇ ਵਿਸ਼ਵ ਪੰਜਾਬੀ ਕਾਨਫਰੰਸ, ਜਿਹੜੀ ਮਿਲਵਾਕੀ (ਅਮਰੀਕਾ) ਵਿਚ 1997 ਈ. ਵਿਚ ਹੋਈ, ਵਿਚ ਭਾਗ ਲੈਣ ਜਾਣ ਤੋਂ ਲੈ ਕੇ ਵਾਪਸੀ ਤੱਕ ਦੇ ਸਮੇਂ ਦੀਆਂ ਚੋਣਵੀਆਂ ਘਟਨਾਵਾਂ ਦਾ ਵੇਰਵਾ ਦਰਜ ਕੀਤਾ ਹੈ। ਇਸ ਤੋਂ ਇਲਾਵਾ ਇੰਗਲੈਂਡ ਵਿਚ 1997 ਵਿਚ ਗੁਜ਼ਾਰੇ ਕੁਝ ਦਿਨਾਂ ਨਾਲ ਸੰਬੰਧਿਤ ਅਨੁਭਵ ਅਤੇ 1998 ਵਿਚ ਕਨੇਡਾ ਵਿਖੇ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਨਾਲ ਸੰਬੰਧਿਤ ਕੌੜੇ-ਮਿੱਠੇ ਅਨੁਭਵਾਂ ਅਤੇ ਤਜ਼ਰਬਿਆਂ ਨੂੰ ਵੀ ਵੱਖਰੇ ਭਾਗ ਵਿਚ ਦਰਜ ਕੀਤਾ ਹੈ। ਇਸ ਸਫ਼ਰਨਾਮੇ ਵਿਚ ਲੇਖਕ ਨੇ ਪਰਵਾਸੀ ਪੰਜਾਬੀਆਂ ਦੀ ਢਹਿੰਦੀ-ਉੱਸਰਦੀ ਜ਼ਿੰਦਗੀ, ਆਰਥਿਕ, ਸਮਾਜਿਕ, ਮਾਨਸਿਕ ਦਬਾਵਾਂ, ਪੀੜ੍ਹੀ ਪਾੜੇ, ਸ਼ਨਾਖਤੀ ਸੰਕਟ, ਨਸਲਵਾਦੀ ਵਿਹਾਰ ਅਤੇ ਪਰਿਵਾਰ ਦੇ ਅੰਦਰਲੇ ਅਤੇ ਬਾਹਰਲੇ ਸੰਕਟਾਂ ਅਤੇ ਦਵੰਦਾਂ ਨੂੰ ਰੇਖਾਂਕਿਤ ਕੀਤਾ ਹੈ। ਲੇਖਕ ਨੇ ਇਨ੍ਹਾਂ ਮੁਲਕਾਂ ਦੀਆਂ ਚੰਗਿਆਈਆਂ-ਬੁਰਿਆਈਆਂ ਅਤੇ ਘੁੰਮਣ ਸਥਾਨਾਂ ਬਾਰੇ ਜਾਣਕਾਰੀ ਭਰਪੂਰ ਘਟਨਾਵਾਂ ਦਰਜ ਕੀਤੀਆਂ ਹਨ। ਉਸ ਦਾ ਸਫ਼ਰਨਾਮਾ ਵਿਭਿੰਨ ਪ੍ਰਕਾਰ ਦੇ ਪਰਵਾਸੀਆਂ ਦੀਆਂ ਮਨ ਅੰਦਰਲੀਆਂ ਤੈਹਾਂ ਦਾ ਸਫ਼ਰ ਕਰਵਾਉਂਦਾ ਹੋਇਆ ਉਨ੍ਹਾਂ ਦੇ ਘਰ ਅਤੇ ਕੰਮ ਦੀਆਂ ਪੇਚੀਦਗੀਆਂ ਅਤੇ ਉਨ੍ਹਾਂ ਨਾਲ ਜੁੜੇ ਵਿਭਿੰਨ ਮਸਲਿਆਂ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਆਪਣੇ ਮੇਜ਼ਬਾਨਾਂ ਦੇ ਮਨ ਅੰਦਰਲੀਆਂ ਤੈਹਾਂ ਨੂੰ ਕੁਰੇਦਣ ਅਤੇ ਇਸ ਪਿੱਛੇ ਲੁਕੇ ਸੱਚੇ ਅਹਿਸਾਸਾਂ ਨੂੰ ਪਕੜਨ ਉਪਰੰਤ ਹੀ ਉਹ ਆਪਣੇ ਅਗਲੇ ਪੰਧ 'ਤੇ ਪੈਂਦਾ ਹੈ।[1]

ਇਸ ਤਰ੍ਹਾਂ ਬਲਦੇਵ ਸਿੰਘ ਧਾਲੀਵਾਲ ਦਾ ਇਹ ਸਫ਼ਰਨਾਮਾ ਪਰਵਾਸੀਆਂ ਅਤੇ

ਮੂਲਵਾਸੀਆਂ ਦੇ ਜ਼ਿੰਦਗੀ ਪ੍ਰਤੀ ਬਣੇ ਹੋਏ ਵਿਸ਼ਵ ਦ੍ਰਿਸ਼ਟੀਕੋਣ ਤੇ ਪਰਵਾਸੀਆਂ ਦੇ ਵਰਤਮਾਨ ਅਤੇ ਭਵਿੱਖ ਨੂੰ ਬਹੁ ਕੋਣਾਂ ਤੋਂ ਜਾਨਣ ਲਈ ਬਹੁਤ ਤਤਪਰ ਨਜ਼ਰ ਆਉਂਦਾ ਹੈ।

ਪੱਛਮੀ ਮੁਲਕਾਂ ਵਿਚ ਵਸਦੇ ਪਰਵਾਸੀ ਪੰਜਾਬੀਆਂ ਦੇ ਅੰਤਰ-ਸਭਿਆਚਾਰਕ ਦਵੰਦਾਂ ਦਾ ਪਹਿਲਾ ਪ੍ਰੇਰਕ ਪੂਰਬੀ ਅਤੇ ਪੱਛਮੀ ਦ੍ਰਿਸ਼ਟੀਕੋਣ ਵਿਚਲਾ ਅੰਤਰ ਹੈ। ਭਾਵੇਂ ਪੂਰਬੀ ਅਤੇ ਪੱਛਮੀ ਸਭਿਆਤਾਵਾਂ ਵਿਚਕਾਰ ਕੁਝ ਬੁਨਿਆਦੀ ਵਖਰੇਵਿਆਂ ਦਾ ਭਾਵਬੋਧ ਤਾਂ ਬਹੁਤ ਪੁਰਾਣਾ ਹੈ ਪਰ ਪੂਰਬੀ ਤੇ ਪੱਛਮੀ ਸੰਕਲਪਾਂ ਦੀ ਉਤਪਤੀ ਤੇ ਵਿਕਾਸ ਅੰਗਰੇਜ਼ੀ ਸਾਮਰਾਜ ਦੀ ਵਿਸਥਾਰਵਾਦੀ ਨੀਤੀ ਤਹਿਤ ਬਸਤੀਆਂ ਦੀ ਸਥਾਪਨਾ ਕਰਨ ਉਪਰੰਤ ਹੋਇਆ। ਇਹ ਵੰਡ ਸਮਕਾਲੀ ਦੌਰ ਵਿਚ ਵਿਕਸਤ ਅਤੇ ਵਿਕਾਸਸ਼ੀਲ ਸਭਿਆਤਾਵਾਂ ਵਿਚਕਾਰ ਨਿਖੇੜਾ ਕਰਨ ਲਈ ਪ੍ਰਯੋਗ ਕੀਤੀ ਜਾਂਦੀ ਹੈ। ਇਹ ਦੁਫਾੜ ਅਤੇ ਦੁਵੰਡੀ ਹੋਂਦ ਨੂੰ ਐਡਵਰਡ ਸਈਦ ਨੇ ਡੂੰਘਾਈ ਨਾਲ ਸਮਝਿਆ ਹੈ। ਉਹਨਾਂ ਅਨੁਸਾਰ ਪੂਰਬੀ ਸੋਚ ਨੂੰ ਪੱਛਮੀ ਸੋਚ ਨੇ ਹਮੇਸ਼ਾ ਦੂਜੈਲੀ ਸਥਿਤੀ 'ਤੇ ਰੱਖਿਆ ਹੈ। ਇਸ ਤਰ੍ਹਾਂ ਪੱਛਮੀ ਅਤੇ ਪੂਰਬੀ ਸਭਿਆਚਾਰਕ ਪੁਜੀਸ਼ਨਾਂ ਵਿਚ ਇਕ ਵਿਥ ਹਮੇਸ਼ਾਂ ਬਣੀ ਰਹੀ ਹੈ ਜਾਂ ਬਣਾ ਕੇ ਰੱਖੀ ਗਈ ਹੈ ਅਤੇ ਪੱਛਮ ਨੂੰ ਪੂਰਬ ਤੋਂ ਹਮੇਸ਼ਾ ਉਤਮ ਦਰਸਾਇਆ ਗਿਆ ਹੈ। ਇਸ ਦੁਵੰਡੀ ਸਥਿਤੀ ਵਿਚ ਪੰਜਾਬੀ ਬੰਦਾ ਬਹੁਤਾ ਕਰਕੇ ਨਿਗੋਟ ਹੀ ਹੁੰਦਾ ਰਿਹਾ ਹੈ। ਬਲਦੇਵ ਧਾਲੀਵਾਲ ਨੇ ਆਪਣੀ ਰਚਨਾ ਵਿਚ ਇਸ ਸਥਿਤੀ ਨੂੰ ਬਿਨਾ ਕਿਸੇ ਲੱਗ-ਲਗਾਵ ਦੇ ਪ੍ਰਸਤੁਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਲਈ ਨਾ ਪੱਛਮ ਵਿਚ ਸਭ ਕੁਝ ਉੱਤਮ ਹੈ ਅਤੇ ਨਾ ਪੂਰਬ ਵਿਚ ਸਭ ਕੁਝ ਗਲਿਆ-ਸੜਿਆ ਹੈ। ਉਸ ਦੀ ਲਿਖਤ ਪੰਜਾਬੀ ਬੰਦੇ ਦੀ ਡਾਇਸਪੋਰਿਕ ਸਥਿਤੀ ਨੂੰ ਬਾਖੂਬੀ ਪਛਾਣਦੀ ਹੈ। ਇਸ ਲਿਖਤ ਵਿਚੋਂ ਪੰਜਾਬੀ ਬੰਦਾ ਹਾਸ਼ੀਆਗਤ ਸਥਿਤੀ ਹੰਢਾਉਂਦਾ ਤੇ ਆਪਣੀ ਹੋਂਦ ਦੀ ਪਛਾਣ ਲਈ ਜੱਦੋਜਹਿਦ ਕਰਦਾ ਨਜ਼ਰ ਆਉਂਦਾ ਹੈ। ਉਸ ਦੀ ਪਛਾਣ 'ਅਦਰ' ਵਾਲੀ ਹੀ ਰਹਿੰਦੀ ਹੈ। ਇਸ ਤਰ੍ਹਾਂ ਪਰਵਾਸ ਅਤੇ ਮੂਲਵਾਸ ਵਿਚਲੇ ਦਵੰਦ ਸਭਿਆਚਾਰਕ ਧਰਾਤਲਾਂ ਉਪਰ ਵਧੇਰੇ ਸ਼ਿੱਦਤ ਨਾਲ ਪ੍ਰਸਤੁਤ ਹੁੰਦੇ ਹਨ। ਹਰ ਇਕ ਨਸਲ ਜਾਂ ਕੌਮ ਦੀਆਂ ਵੱਖਰੀਆਂ- ਵੱਖਰੀਆਂ ਸਭਿਆਚਾਰਕ ਸਪੇਸਾਂ ਹਨ। ਇਹਨਾਂ ਵਿਸ਼ੇਸ਼ ਸਪੇਸਾਂ ਨਾਲ ਹੀ ਇਨ੍ਹਾਂ ਦੀ ਪਛਾਣ ਜੁੜੀ ਹੋਈ ਹੈ। ਤਕਨਾਲੋਜੀ ਤੇ ਵਿਗਿਆਨਕ ਵਿਕਾਸ ਕਾਰਨ ਪੱਛਮੀ ਮੁਲਕਾਂ ਦੀ ਸਭਿਅਤਾ ਪੂੰਜੀਵਾਦੀ ਤੇ ਪਦਾਰਥਵਾਦੀ ਧਾਰਨਾਵਾਂ ਵਿਚ ਰੁਚੀ ਰੱਖਦੀ ਹੈ ਜਦੋਂਕਿ ਪੂਰਬੀ ਸਭਿਅਤਾ ਪੱਛਮ ਦੇ ਮੁਕਾਬਲੇ ਵਧੇਰੇ ਅਧਿਆਤਮਵਾਦੀ ਤੇ ਕਰਮਕਾਂਡੀ ਪ੍ਰਪੰਚ ਵਿਚ ਖਚਿਤ ਹੈ। ਪੂਰਬੀ ਤੇ ਪੱਛਮੀ ਸਭਿਆਚਾਰਕ ਹੋਂਦਾ ਵਿਭਿੰਨ ਭੂਗੋਲਿਕ ਤੇ ਪ੍ਰਕਿਰਤਕ ਖਿੱਤਿਆਂ ਵਿਚ ਪਲਣ ਤੇ ਵਿਗਸਣ ਕਾਰਨ ਵੱਖ-ਵੱਖ ਕਦਰਾਂ ਕੀਮਤਾਂ ਤੇ ਪਰੰਪਰਾਵਾਂ ਦੀਆਂ ਧਾਰਨੀ ਹਨ। ਇਸ ਤਰ੍ਹਾਂ ਪਰਵਾਸੀ/ਪੰਜਾਬੀ ਆਪਣੀਆਂ ਪੂਰਬਵਾਦੀ ਰੁਚੀਆਂ ਤਹਿਤ ਪਰਵਾਸ ਧਾਰਦੇ ਹਨ। ਬੇਸ਼ਕ ਪਰਵਾਸੀਆਂ ਨੇ ਆਪਣੇ ਦੇਸ਼ ਅਤੇ ਘਰ ਤੋਂ ਵਿੱਥ ਉਪਰ ਰਹਿ ਕੇ ਆਪਣੀ ਰੋਜ਼ੀ-ਰੋਟੀ ਦੀ ਸਮੱਸਿਆ ਨੂੰ ਤਾਂ ਹੱਲ ਕਰ ਲਿਆ ਹੈ ਪਰ ਇਸ ਮਸਲੇ ਨੂੰ ਹੱਲ ਕਰਦੇ-ਕਰਦੇ ਉਹਨਾਂ ਦੀ ਸਮਾਜਕ-

ਸਭਿਆਚਾਰਕ ਜ਼ਿੰਦਗੀ ਉਲਝ ਗਈ ਹੈ। ਇਸ ਦਾ ਮੂਲ ਕਾਰਨ ਪੱਛਮੀ ਮੁਲਕਾਂ ਦੇ ਸਭਿਆਚਾਰ ਅਤੇ ਉਹਨਾਂ ਦੇ ਮੂਲ ਸਭਿਆਚਾਰ ਵਿਚਲਾ ਅੰਤਰ ਬਣਿਆ। ਓਪਰੀ ਸਭਿਆਚਾਰਕ ਸਪੇਸ ਵਿਚ ਵਿਚਰਦੇ ਪਰਵਾਸੀ ਹੋਂਦ ਅਤੇ ਸਵੈ-ਪਛਾਣ ਨੂੰ ਕਾਇਮ ਰੱਖਣ ਲਈ ਜੱਦੋ-ਜਹਿਦ ਕਰਦੇ ਰਹੇ ਹਨ। ਪੱਛਮੀ ਸਭਿਆਚਾਰ ਦੀ ਹੈਂਜਮਨੀ ਅਤੇ ਸ਼ਕਤੀ ਪ੍ਰਵਚਨਾ ਅੱਗੇ ਪਰਵਾਸੀਆਂ ਦੀ ਘੱਟ ਗਿਣਤੀ ਦੀ ਹੋਂਦ ਹਾਸ਼ੀਏ ਉਪਰ ਰਹਿੰਦੀ ਹੈ। ਪਾਰ-ਰਾਸ਼ਟਰੀ, ਪਾਰ- ਸਭਿਆਚਾਰਕ ਮਾਹੌਲ ਵਿਚ ਵਿਚਰਦਿਆਂ ਉਹਨਾਂ ਦਾ ਘਰ ਦਾ ਸੁਪਨਾ ਹੀ ਖੰਡਿਤ ਨਹੀਂ ਹੋਇਆ ਸਗੋਂ ਬੇਗਾਨੀਆਂ ਧਰਤੀਆਂ ਉਪਰ ਹੋਂਦ ਨੂੰ ਕਾਇਮ ਰੱਖਣਾ ਵੀ ਚੈਲਿੰਜ ਹੋ ਨਿਬੜਿਆ। ਮੂਲਵਾਸ ਵਰਗਾ ਘਰ ਦਾ ਅਹਿਸਾਸ ਬੇਗਾਨਗੀ ਵਿਚ ਬਦਲ ਗਿਆ। ਓਪਰੇ ਸਭਿਆਚਾਰਕ ਮਾਹੌਲ ਵਿਚ ਵਿਚਰਦੇ ਪਰਵਾਸੀ ਦਵੰਦ ਵਿਚ ਫਸ ਗਏ ਕਿ ਆਪਣੇ ਮੂਲ ਸਭਿਆਚਾਰ ਨੂੰ ਵਿਸਾਰ ਕੇ ਨਵੇਂ ਨੂੰ ਅਪਣਾ ਲਿਆ ਜਾਵੇ ਕਿ ਨਾ। ਇਸ ਦਵੰਦ ਨੇ ਸਮਾਜਕ-ਸਭਿਆਚਾਰਕ ਪੱਧਰ ਉਤੇ ਪਰਵਾਸੀਆਂ ਲਈ ਬਹੁਤ ਸਾਰੀਆਂ ਮੁਸੀਬਤਾਂ ਪੈਦਾ ਕਰ ਦਿੱਤੀਆਂ।[2]

ਪਰਵਾਸੀ ਪੰਜਾਬੀ ਆਪਣੀਆਂ ਪੂਰਬਵਾਦੀ ਰੁਚੀਆਂ ਤਹਿਤ ਪੱਛਮੀ ਮੁਲਕਾਂ ਵਿਚ ਆਰਥਕ ਤੌਰ 'ਤੇ ਤਾਂ ਪੱਛਮੀ ਲੋਕਾਂ ਵਾਂਗ ਵਿਚਰਦੇ ਹਨ ਪਰ ਸਭਿਆਚਾਰਕ ਤੌਰ 'ਤੇ ਉਹ ਆਪਣੀ ਜਾਗੀਰੂ ਸੋਚ ਦੇ ਧਾਰਨੀ ਰਹਿੰਦੇ ਹਨ। ਪਰਵਾਸੀ ਮਰਦ ਆਰਥਕ ਤੌਰ 'ਤੇ ਔਰਤ ਨੂੰ ਅਜ਼ਾਦੀ ਦੇਣ ਦੇ ਹੱਕ ਵਿਚ ਹਨ ਪਰ ਸਮਾਜਕ-ਸਭਿਆਚਾਰਕ ਤੌਰ 'ਤੇ ਨਹੀਂ। ਇਸ ਤਰ੍ਹਾਂ ਉਹ ਪੱਛਮੀ ਅਤੇ ਪੂਰਬੀ ਸਭਿਆਚਾਰਾਂ ਵਿਚੋਂ ਕਿਸੇ ਨੂੰ ਵੀ ਪੂਰੀ ਤਰ੍ਹਾਂ ਗ੍ਰਹਿਣ ਨਹੀਂ ਕਰ ਸਕਦੇ ਅਤੇ ਵਿਚਕਾਰ ਲਟਕਦੇ ਅੰਤਰ-ਸਭਿਆਚਾਰਕ ਦਵੰਦ ਦੇ ਭਾਗੀ ਬਣਦੇ ਹਨ। ਪਰਵਾਸੀ ਪੰਜਾਬੀ ਅਮਰੀਕਾ ਵਰਗੇ ਅਤਿ-ਵਿਕਸਤ ਮੁਲਕਾਂ ਵਿਚ ਰਹਿ ਕੇ ਵੀ ਆਪਣੀਆਂ ਜਾਗੀਰੂ ਰੁਚੀਆਂ ਤੋਂ ਪਿੱਛਾ ਨਹੀਂ ਛੁਡਾ ਸਕੇ। ਇਥੋਂ ਦੀ ਸਮਾਜਕ-ਸਭਿਆਚਾਰਕ ਜ਼ਿੰਦਗੀ ਨੂੰ ਜਿਉਂਦੇ ਹੋਏ ਵੀ ਪੂਰਬੀ/ਰੂੜ੍ਹੀਵਾਦੀ ਸੋਚ ਨੂੰ ਆਪਣੇ ਅਵਚੇਤਨ ਵਿਚੋਂ ਖਾਰਜ ਨਹੀਂ ਕਰ ਸਕੇ। ਪੱਛਮੀ ਸਭਿਆਚਾਰਕ ਸਮੂਹ ਦੁਆਰਾ ਤਿਆਰ ਕੀਤੀਆਂ ਕਦਰਾਂ-ਕੀਮਤਾਂ ਨੂੰ ਪਰਵਾਸੀ ਪੂਰੀ ਤਰ੍ਹਾਂ ਅਪਣਾ ਨਹੀਂ ਸਕਦੇ ਕਿਉਂਕਿ ਉਹਨਾਂ ਦੇ ਅਵਚੇਤਨ ਵਿਚ ਪੂਰਬੀ ਸਭਿਆਚਾਰਕ ਖਿੱਤੇ ਦੀ ਲੋਕ ਪਰੰਪਰਾ ਵੱਲੋਂ ਤਿਆਰ ਕੀਤੀਆਂ ਕਦਰਾਂ-ਕੀਮਤਾਂ ਪਈਆਂ ਹਨ। ਕੀਮਤ ਪ੍ਰਬੰਧਾਂ ਦਾ ਟੁੱਟਣਾ ਵੀ ਇਨ੍ਹਾਂ ਅਸਾਨ ਨਹੀਂ ਹੋ ਸਕਦਾ। ਹਰੇਕ ਸਭਿਆਚਾਰਕ ਸਪੇਸ ਦੇ ਕੀਮਤ ਪ੍ਰਬੰਧ ਵਿਚ ਸਦੀਆਂ ਪੁਰਾਣਾ ਅਨੁਭਵ, ਤਜ਼ਰਬਾ ਅਤੇ ਜੀਵਨ ਵਿਹਾਰ ਨਾਲ ਸੰਬੰਧਿਤ ਰੂੜ੍ਹੀਆਂ ਸਮਲਿਤ ਹੁੰਦੀਆਂ ਹਨ। ਇਸ ਕਰਕੇ ਇਕ ਸਭਿਆਚਾਰਕ ਸਪੇਸ ਵਿਚਲੇ ਸਮੂਹ ਦੁਆਰਾ ਹੌਲੀ-ਹੌਲੀ ਕੀਮਤ ਪ੍ਰਬੰਧ ਵਿਚ ਤਬਦੀਲੀ ਲਿਆਂਦੀ ਜਾਂਦੀ ਹੈ। ਪਰਵਾਸੀ ਜਦੋਂ ਇਕ ਦਮ ਬੇਗਾਨੀ ਸਪੇਸ ਵਿਚ ਜਾਂਦੇ ਹਨ ਤਾਂ ਉਥੇ ਇਨ੍ਹਾਂ ਦੀ ਸਥਿਤੀ ਦੂਜੀ ਧਿਰ ਵਾਲੀ ਹੀ ਰਹਿੰਦੀ ਹੈ। ਇਸ ਭਿੜਨ ਸਥਿਤੀ ਵਿਚ ਪਰਵਾਸੀ ਅੰਤਰ-ਸਭਿਆਚਾਰਕ ਦਵੰਦ ਦੇ ਸ਼ਿਕਾਰ ਬਣਦੇ ਹਨ।

ਵਿਗਿਆਨ ਅਤੇ ਤਕਨੀਕੀ ਤਰੱਕੀ ਨੇ ਸਭਿਆਚਾਰਕ ਧਰਾਤਲ ਉੱਪਰ ਉਸਰਨ ਵਾਲੇ ਕੀਮਤ ਪ੍ਰਬੰਧ ਵਿਚ ਨੁਮਾਇਆ ਤਬਦੀਲੀ ਲਿਆਂਦੀ ਹੈ। ਮੀਡੀਆ ਦੁਆਰਾ ਅੱਜ ਸਭਿਆਚਾਰ ਨੂੰ ਇਕ ਸਨਅਤ ਦੀ ਤਰ੍ਹਾਂ ਪਾਸਾਰਿਆ ਪਰਚਾਰਿਆ ਜਾ ਰਿਹਾ ਹੈ। ਪਰ ਇਸ ਸਮੁੱਚੇ ਵਰਤਾਰੇ ਵਿਚ ਸ਼ਕਤੀਵਰ ਧਿਰਾਂ ਵੱਲੋਂ ਆਪਣੀ ਸਭਿਆਚਾਰਕ ਉਤਮਤਾ ਜਾਹਰ ਕਰਕੇ ਬਾਕੀ ਸਭਿਆਚਾਰਕ ਪਛਾਣਾਂ ਨੂੰ ਦੂਜੈਲੇ ਥਾਂ ਧੱਕ ਦਿੱਤਾ ਜਾਂਦਾ ਹੈ। ਅੱਜ ਦੇ ਉੱਤਰ ਆਧੁਨਿਕ ਦੌਰ ਵਿਚ ਸਭਿਆਚਾਰਕ ਚਿਹਨਾ ਨੂੰ ਵੇਚਿਆ ਜਾ ਰਿਹਾ ਹੈ। ਵਿਗਿਆਨ ਅਤੇ ਤਕਨੀਕੀ ਦੌਰ ਦੇ ਸਭਿਆਚਾਰਕ ਕੀਮਤ ਪ੍ਰਬੰਧ ਸਨਮੁੱਖ ਪਰੰਪਰਕ ਕੀਮਤ ਪ੍ਰਬੰਧ ਟੁਟਦਾ ਨਜ਼ਰ ਆ ਰਿਹਾ ਹੈ। ਸਮੇਂ ਅਤੇ ਸਪੇਸ ਦੇ ਸੰਗੋੜ ਨੇ ਵਿਭਿੰਨ ਸਭਿਆਚਾਰਕ ਸਮੂਹਾਂ ਵਿਚ ਨੇੜਤਾ ਵੀ ਪੈਦਾ ਕੀਤੀ ਹੈ। ਗਲੋਬਲ ਪਿੰਡ ਦੇ ਸੰਕਲਪ ਨੇ ਸਭ ਤਰ੍ਹਾਂ ਦੀਆਂ ਸਭਿਆਚਾਰਕ ਪਛਾਣਾਂ ਨੂੰ ਖਤਮ ਕਰਕੇ ਇਕ ਵਿਸ਼ਵ ਸਭਿਆਚਾਰ ਦੀ ਮਿਥ ਸਥਾਪਤ ਕਰਨ ਦਾ ਯਤਨ ਕੀਤਾ ਹੈ। ਇਹ ਸੰਕਲਪ ਸ਼ਕਤੀ ਪ੍ਰਵਚਨਾਂ ਦੇ ਰੂਪ ਵਿਚ ਮੀਡੀਆ ਰਾਹੀਂ ਸਾਡੇ ਸਭ ਤੱਕ ਰਸਾਈ ਕਰਦਾ ਹੈ। ਸਾਡੀ ਨਵੀਂ ਪੀੜ੍ਹੀ ਪੱਛਮੀ ਸਭਿਆਚਾਰਕ ਉਤਪਾਦਾਂ ਤੋਂ ਖਾਸੀ ਪ੍ਰਭਾਵਤ ਨਜ਼ਰ ਆਉਂਦੀ ਹੈ। ਇਸ ਗਲੋਬਲੀ ਸਥਿਤੀ ਵਿਚ ਕੋਈ ਵੀ ਇਕ ਸਭਿਆਚਾਰਕ ਪਛਾਣ ਹਮੇਸ਼ਾ ਲਈ ਕਾਇਮ ਨਹੀਂ ਰਹਿ ਸਕਦੀ। ਇਕ ਸਭਿਆਚਾਰਕ ਸਮੂਹ ਦੁਆਰਾ ਨਿਰਧਾਰਤ ਕੀਤਾ ਕੀਮਤ ਪ੍ਰਬੰਧ ਦੂਸਰੀ ਸਪੇਸ ਵਿਚ ਕਾਇਮ ਰਹਿਣਾ ਮੁਸ਼ਕਲ ਹੋ ਜਾਂਦਾ ਹੈ। ਇਸੇ ਲਈ ਹੀ ਸਭਿਆਚਾਰਕ ਪਛਾਣਾਂ ਖੰਡਿਤ ਹੁੰਦੀਆਂ ਨਜ਼ਰ ਆਉਂਦੀਆਂ ਹਨ। ਇਸ ਸਮੇਂ ਸਭਿਆਚਾਰਕ ਹਾਈਬ੍ਰਿਡਿਟੀ (Hybridity) ਦਾ ਬੋਲਬਾਲਾ ਹੋ ਰਿਹਾ ਹੈ।

ਬਲਦੇਵ ਸਿੰਘ ਧਾਲੀਵਾਲ ਆਪਣੇ ਸਫ਼ਰਨਾਮਾ ਮੋਤੀਆਂ ਦੀ ਚੋਗ ਰਾਹੀਂ ਵਿਭਿੰਨ ਸਭਿਆਚਾਰਕ ਪਛਾਣਾਂ ਦੇ ਸੰਕਟਾਂ, ਦਵੰਦਾਂ ਅਤੇ ਮਸਲਿਆਂ ਨੂੰ ਮੁਖ਼ਾਤਬ ਹੁੰਦਾ ਹੈ। ਇਸ ਸਫ਼ਰਨਾਮੇ ਦਾ ਸਮੁੱਚਾ ਬਿਰਤਾਂਤਕ ਪ੍ਰਵਚਨ ਅੰਤਰ-ਸਭਿਆਚਾਰਕ ਦਵੰਦਾਂ ਨੂੰ ਅਵਚੇਤਨੀ ਧਰਾਤਲ ਤੋਂ ਤਲਾਸ਼ਦਾ ਹੈ। ਡਾਵਾਂਡੋਲ ਮਾਨਸਿਕ ਸਥਿਤੀ ਵਾਲਾ ਬੰਦਾ ਇਸ ਦਾ ਕੇਂਦਰੀ ਸਰੋਕਾਰ ਬਣਦਾ ਹੈ। ਜਦੋਂ ਲੇਖਕ ਆਪਣੇ ਦੋਸਤ ਦੀ ਅਮਰੀਕਾ ਜਾ ਵਸੀ ਕੁਲੀਗ 'ਪਾਲੀ' ਤੇ ਉਸ ਦੇ ਪਤੀ ਨੂੰ ਮਿਲਦਾ ਹੈ ਤਾਂ ਉਹ ਲੇਖਕ ਨੂੰ ਆਪਣੇ ਘਰ ਹੋ ਕੇ ਜਾਣ ਲਈ ਕਹਿੰਦੇ ਹਨ। ਪਰ ਬਾਅਦ ਵਿਚ ਪਾਲੀ ਦਾ ਪਤੀ ਸ਼ੱਕ ਕਰਦਾ ਹੈ ਤੇ ਲੇਖਕ ਨੂੰ ਆਪਣੇ ਘਰ ਲੈ ਜਾਣ ਤੋਂ ਗੁਰੇਜ ਕਰਦਾ ਹੈ ਤਾਂ ਪਾਲੀ ਲੇਖਕ ਨੂੰ ਫ਼ੋਨ 'ਤੇ ਦਸਦੀ ਹੈ:

> ''ਭਾ ਜੀ, ਮੈਂ ਮਜਬੂਰ ਆਂ, ਬਹੁਤ ਸ਼ਰਮਿੰਦੀ ਵੀ ਆਂ, ਪਤਾ ਨਹੀਂ ਉਨ੍ਹਾਂ ਦੇ ਮਨ 'ਚ ਕੀ ਸ਼ੱਕ ਬੈਠ ਗਿਆ ਹੈ, ਕਾਹਤੋਂ ਨਹੀਂ ਆਉਣਾ ਚਾਹੁੰਦੇ ਉਹ, ਦੱਸੋ... ਦੱਸੋ ਕੀ ਕਰਾਂ ਮੈ? ਮੈਂ ਕਰ ਵੀ ਕੀ ਸਕਦੀ ਆਂ ਮੈਂ...ਮੈਂ...ਮੈਂ...''। (ਮੋਤੀਆਂ ਦੀ ਚੋਗ, ਪੰਨਾ 34)

ਪੂੰਜੀਵਾਦੀ ਪੱਛਮੀ ਰਹਿਤਲ ਅਤੇ ਸਾਮੰਤੀ ਸਭਿਆਚਾਰ ਦੀਆਂ ਕਦਰਾਂ ਕੀਮਤਾਂ

ਵਿਚਲਾ ਆਪਸੀ ਅੰਤਰ ਵੀ ਬਰਤਾਨਵੀ ਧਰਤੀ ਉਪਰ ਪਰਵਾਸੀ ਪੰਜਾਬੀਆਂ ਦੇ ਸਭਿਆਚਾਰਕ ਤਣਾਉ ਦਾ ਕਾਰਨ ਬਣਦਾ ਹੈ, ਜਿਹੜਾ ਸਿੱਧੇ ਤੌਰ 'ਤੇ ਮੁੱਖ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਨਾਲ ਅੰਤਰ ਵਿਰੋਧਾਂ ਕਾਰਨ ਵੀ ਪੈਦਾ ਹੁੰਦਾ ਹੈ ਅਤੇ ਮੁੱਖ ਸਭਿਆਚਾਰ ਦੇ ਪੰਜਾਬੀ ਸਭਿਆਚਾਰ ਉਪਰ ਪਏ ਪ੍ਰਭਾਵਾਂ ਕਾਰਨ ਵੀ ।3

ਇਸ ਅੰਤਰ ਅਤੇ ਪ੍ਰਭਾਵ ਕਾਰਨ ਪਰਵਾਸੀ ਪੰਜਾਬੀ ਮਰਦ ਪੱਛਮ ਦੀਆਂ ਦੇਹਵਾਦੀ ਖੁੱਲ੍ਹਾਂ ਨੂੰ ਆਪ ਤਾਂ ਮਾਣਨਾ ਚਾਹੁੰਦੇ ਹਨ ਪਰ ਆਪਣੀ ਪਤਨੀ ਅਤੇ ਬੱਚਿਆਂ ਨੂੰ ਅਜਿਹੀਆਂ ਖੁੱਲ੍ਹਾਂ ਦੇਣ ਦੇ ਹੱਕ ਵਿਚ ਨਹੀਂ ਹਨ। ਇਸ ਕਾਰਨ ਜਿਹੜੇ ਪਰਵਾਸੀ ਪੰਜਾਬੀ ਆਪਣਾ ਪਰਿਵਾਰ ਪੰਜਾਬ ਵਿਚ ਛੱਡ ਕੇ ਆਪ ਬੇਗਾਨੀ ਸਪੇਸ ਵਿਚ ਰਹਿ ਰਹੇ ਹਨ ਉਹ ਆਪਣੀ ਦੁਜੈਲੀ ਹੋਂਦ ਅਤੇ ਸਭਿਆਚਾਰਕ ਬੇਪਛਾਣ ਦੇ ਚਲਦਿਆਂ ਸੋਚਣ ਲਈ ਮਜ਼ਬੂਰ ਹਨ ਕਿ ਉਹ ਆਪਣੇ ਬੱਚਿਆਂ ਅਤੇ ਪਤਨੀ ਨੂੰ ਉਹਨਾਂ ਮੁਲਕਾਂ ਵਿਚ ਲੈ ਕੇ ਜਾਣ ਕਿ ਨਾ ? ਇਸ ਲਈ ਉਹ ਦਵੰਦ ਦੀ ਸਥਿਤੀ ਵਿਚ ਜਿਉਂ ਰਹੇ ਹਨ। ਆਪਣੇ ਪੂਰਬਵਾਦੀ ਦ੍ਰਿਸ਼ਟੀਕੋਣ ਤਹਿਤ ਉਹ ਬੇਗਾਨੀਆਂ ਧਰਤੀਆਂ 'ਤੇ ਰਹਿੰਦੇ ਹੋਏ ਚਾਹੁੰਦੇ ਹਨ ਕਿ ਉਨ੍ਹਾਂ ਦੀ ਪਤਨੀ ਤੇ ਬੱਚੇ ਉਨ੍ਹਾਂ ਦੇ ਕੰਟਰੋਲ ਹੇਠ ਰਹਿਣ, ਪਰ ਪੱਛਮੀ ਸਭਿਆਚਾਰ ਦੇ ਪ੍ਰਭਾਵ ਤਹਿਤ ਅਤੇ ਸਰਕਾਰ ਵੱਲੋਂ ਬੱਚਿਆਂ ਅਤੇ ਔਰਤਾਂ ਨੂੰ ਦਿੱਤੀ ਪੂਰਨ ਆਜ਼ਾਦੀ ਦੀ ਖੁੱਲ੍ਹ ਵਿਚ ਅਜਿਹਾ ਸੰਭਵ ਨਹੀਂ ਹੈ। ਔਰਤਾਂ ਅਤੇ ਬੱਚਿਆਂ ਦੀ ਸਮਾਜਕ ਸੁਰੱਖਿਆ ਦੇ ਕਾਨੂੰਨ ਦੀ ਹੋਂਦ ਵਿਚ ਭਾਰਤੀ/ਪੰਜਾਬੀ ਨਵੀਂ ਪੀੜ੍ਹੀ ਪੱਛਮੀ ਰਹਿਤਲ ਦੇ ਹਰ ਚੰਗੇ-ਮਾੜੇ ਪ੍ਰਭਾਵ ਨੂੰ ਬਹੁਤ ਤੇਜੀ ਨਾਲ ਕਬੂਲਦੀ ਹੈ। ਦੋਚਿੱਤੀ ਵਿਚ ਫਸੇ ਪਰਵਾਸੀ ਪੰਜਾਬੀ ਅੰਤਰ ਸਭਿਆਚਾਰਕ ਦਵੰਦ ਦੀ ਗਰਿਫ਼ਤ ਵਿਚ ਆ ਜਾਂਦੇ ਹਨ। ਹਥਲੀ ਰਚਨਾ ਵਿਚ ਪਰਦੇਸ ਰਹਿੰਦਾ ਪਾਲ ਆਖਦਾ ਹੈ :

> ''ਏਥੇ ਆ ਕੇ ਤਾਂ ਚੰਗੀਆਂ ਭਲੀਆਂ ਨੂੰ ਕੰਡੇ ਲੱਗ ਜਾਂਦੇ ਐ, ਜਿਵੇਂ ਖਰਬੂਜ਼ੇ ਨੂੰ ਵੇਖਕੇ ਖਰਬੂਜ਼ਾ ਰੰਗ ਫੜ੍ਹਦੈ, ਹੱਥ ਤਾਂ ਕੀ ਚੁੱਕ ਸਕਣੈ, ਬੰਦਾ ਤਾਂ ਉਚੀ ਨਹੀਂ ਬੋਲ ਸਕਦਾ, ਅਗਲੀ ਕਹਿੰਦੀ ਐ ਪੁਲਸ ਬਲਾ ਲਊਂ, ਅਮਰੀਕਾ ਦਾ ਕਾਨੂੰਨ ਜ਼ਨਾਨੀਆਂ ਦੇ ਹੱਕ 'ਚ ਐ।'' (ਉਹੀ, ਪੰਨਾ 40)

ਪਰਵਾਸੀ ਪੰਜਾਬੀ ਆਰਥਕ ਤੌਰ 'ਤੇ ਖੁਸ਼ਹਾਲ ਹੋ ਚੁੱਕੇ ਹਨ ਪਰ ਮਾਨਸਿਕ ਤੌਰ 'ਤੇ ਉਨੇ ਹੀ ਕੰਗਾਲ ਹਨ। ਮਸ਼ੀਨ ਨਾਲ ਮਸ਼ੀਨ ਹੋਏ ਪਰਵਾਸੀ ਆਪਣੀ ਮਾਨਸਿਕ ਇੱਛਾ ਅਨੁਸਾਰ ਜ਼ਿੰਦਗੀ ਜਿਉਣ ਲਈ ਸਮਾਂ ਨਹੀਂ ਕੱਢ ਸਕਦੇ। ਬੇਸ਼ੱਕ ਉਹਨਾਂ ਨੂੰ ਆਧੁਨਿਕ ਸੁੱਖ ਸਹੂਲਤਾਂ ਮੁਹੱਈਆ ਹਨ, ਜ਼ਿੰਦਗੀ ਜਿਉਣ ਦੇ ਬਿਹਤਰ ਢੰਗ ਤਰੀਕੇ ਅਤੇ ਸਾਧਨ ਪ੍ਰਾਪਤ ਹਨ ਪਰ ਉਹ ਸੰਕਟਸ਼ੀਲ ਨਜ਼ਰ ਆਉਂਦੇ ਹਨ। ਉਹਨਾਂ ਵਿਚੋਂ ਮਾਨਵੀ ਗੌਰਵ ਖ਼ਾਰਜ ਹੁੰਦਾ ਪ੍ਰਤੀਤ ਹੁੰਦਾ ਹੈ। ਸਭਿਆਚਾਰਕ ਧਰਾਤਲ 'ਤੇ ਉਹ ਦਵੰਦ ਦੀ ਸਥਿਤੀ ਵਿਚੋਂ ਗੁਜ਼ਰ ਰਹੇ ਹਨ। ਅਜਿਹੀ ਸਥਿਤੀ ਦੀ ਸ਼ਿਕਾਰ ਰਾਣੀ ਨਗੇਂਦਰ ਆਖਦੀ ਹੈ :

''ਧਾਲੀਵਾਲ ਜੀ ਮਨ ਤੇ ਕਰਦਾ ਏ ਪਈ ਵਤਨੋਂ ਆਏ ਦੋਸਤਾਂ ਨਾਲ ਖੁਲ੍ਹਾ ਸਮਾਂ ਬਿਤਾਈਏ, ਦਿਲ ਦੀਆਂ ਗੱਲਾਂ ਕਰੀਏ, ਦੁਖ-ਸੁਖ ਫਰੋਲੀਏ, ਪਰ ਏਥੇ ਵਕਤ ਕਿਦ੍ਹੇ ਕੋਲ ਏ? ਸਭ ਭੱਜੇ ਫਿਰਦੇ ਨੇ ਹਲਕੇ ਕੁੱਤੇ ਵਾਕਰਾਂ। ਹੋਰ ਏਨ੍ਹਾਂ ਕੋਲ ਜੋ ਮਰਜੀ ਪਿਆ ਹੋਵੇ, ਜਦੋਂ ਕੁਝ ਮਨ ਆਈ ਕਰਨ ਦਾ ਵਕਤ ਈ ਨਹੀਂ ਤੇ ਸਮਝੋ ਜਿੰਦਗੀ ਨਹੀਂ। ਮੈਨੂੰ ਤੇ ਆਪ ਜਾਪਦੈ ਏ ਕੇ ਮੈਂ ਫਸ ਗਈ ਵਾਂ ਏਥੇ ਆ ਕੇ। ਕੀ ਏ ਏਥੇ ? ਬੱਸ ਕੰਮ ਤੇ ਪੈਸਾ। ਕੋਈ ਚੰਗੀਆਂ ਕਦਰਾਂ-ਕੀਮਤਾਂ ਨਹੀਂ ਜੇ, ਬਾਰ੍ਹਾਂ ਤੇਰ੍ਹਾਂ ਸਾਲ ਦੀਆਂ ਕੁੜੀਆਂ ਹਰਾਮੀ ਬੱਚੇ ਜਣ ਧਰਦੀਆਂ ਨੇ, ਬੱਚੇ ਮਾਂ ਬਾਪ ਨੂੰ ਤਾਂ ਕੁਝ ਸਮਝਦੇ ਈ ਨਹੀਂ। ਫੇਰ ਕਿਸ ਵਾਸਤੇ ਕਮਾਈ ਕਰ ਕਰ ਹੱਡ-ਤੁੜਾਨੇ ਨੇ ?'' (ਉਹੀ, ਪੰਨਾ 121)

ਪਰਵਾਸੀ ਪੰਜਾਬੀ ਓਪਰੇ ਸਮਾਜ-ਸਭਿਆਚਾਰ ਅਤੇ ਭਾਸ਼ਾਈ ਖਿੱਤੇ ਵਿਚ ਵਿਚਰਦੇ ਹੋਏ ਵੀ ਆਪਣੇ ਸਭਿਆਚਾਰ ਅਤੇ ਭਾਸ਼ਾ ਪ੍ਰਤੀ ਮੋਹ ਰਖਦੇ ਹਨ। ਬੇਸ਼ਕ ਉਹਨਾਂ ਨੂੰ ਉਥੋਂ ਦੀਆਂ ਲੋੜਾਂ ਅਤੇ ਮਜ਼ਬੂਰੀਆਂ ਕਾਰਨ ਪੱਛਮੀ ਸਭਿਆਚਾਰ ਅਤੇ ਭਾਸ਼ਾ ਨੂੰ ਕੁਝ ਹੱਦ ਤੱਕ ਅਪਣਾਉਣਾ ਪੈਂਦਾ ਹੈ, ਪਰ ਜੋ ਸੁਖ ਅਤੇ ਖੁਸ਼ੀ ਦਾ ਅਹਿਸਾਸ ਆਪਣਾ ਸਭਿਆਚਾਰ ਅਤੇ ਭਾਸ਼ਾ ਦਿੰਦੀ ਹੈ, ਉਹ ਉਥੋਂ ਦੀ ਭਾਸ਼ਾ ਅਤੇ ਸਭਿਆਚਾਰ ਨਹੀਂ ਦੇ ਸਕਦੇ। ਪਰ ਭਾਸ਼ਾ ਅਤੇ ਸਭਿਆਚਾਰ ਪ੍ਰਤੀ ਮੋਹ ਸਿਰਫ਼ ਪੁਰਾਣੀ ਪੀੜ੍ਹੀ ਦੇ ਲੋਕਾਂ ਵਿਚ ਜ਼ਿੰਦਾ ਹੈ ਜਦਕਿ ਨਵੀਂ ਪੀੜ੍ਹੀ ਪੱਛਮੀ ਰਹਿਤਲ, ਅੰਗਰੇਜ਼ੀ ਭਾਸ਼ਾ, ਅੰਗਰੇਜ਼ੀ ਖਾਣ-ਪੀਣ ਅਤੇ ਉਥੋਂ ਦੀ ਖੁੱਲ੍ਹਮ ਖੁੱਲ੍ਹੀ ਜ਼ਿੰਦਗੀ ਜਿਉਣ ਵਿਚ ਜ਼ਿਆਦਾ ਰੁਚਿਤ ਹੈ। ਉਹ ਪੱਛਮੀ ਕਿਸਮ ਦੀ ਜੀਵਨ ਜਾਚ ਨੂੰ ਅਪਣਾਉਣ ਨੂੰ ਪਹਿਲ ਦਿੰਦੀ ਨਜ਼ਰ ਆਉਂਦੀ ਹੈ। ਇਥੋਂ ਹੀ ਨਵੇਕਲੀ ਸਪੇਸ ਵਿਚ ਵਿਚਰ ਰਹੇ ਪਰਵਾਸੀਆਂ ਵਿਚ ਪੀੜ੍ਹੀ ਪਾੜੇ ਵਰਗੀ ਸਮੱਸਿਆ ਉਭਰਨੀ ਸ਼ੁਰੂ ਹੁੰਦੀ ਹੈ। ਪੁਰਾਣੀ ਪੀੜ੍ਹੀ ਪਰੰਪਰਕ ਕਦਰਾਂ-ਕੀਮਤਾਂ ਅਨੁਸਾਰ ਰਹਿਣਾ ਚਾਹੁੰਦੀ ਹੈ ਪਰ ਨਵੀਂ ਪੀੜ੍ਹੀ ਪੱਛਮੀ ਕਿਸਮ ਦੀ ਤਰਜ਼ੇ-ਜ਼ਿੰਦਗੀ ਨੂੰ ਅਪਣਾਉਣਾ ਚਾਹੁੰਦੀ ਹੈ। ਪਰਵਾਸੀ ਬੰਦੇ ਦਾ ਅਨੁਭਵ ਧਾਲੀਵਾਲ ਨੇ ਇਉਂ ਦਰਜ ਕੀਤਾ ਹੈ :

''ਬਾਈ ਜੀ ਬੰਦਾ ਝੂਠ-ਫਰੇਬ ਜਿੰਨੇ ਮਰਜ਼ੀ ਮਾਰੀ ਜਾਵੇ, ਪਰ ਸੱਚੀ ਗੱਲ ਤਾਂ ਇਹ ਐ ਬਈ ਆਪਣੀ ਜੰਮਣ ਭੋਇੰ 'ਤੇ ਰਹਿਣ ਵਰਗਾ ਸੁਆਦ ਕੋਈ ਨਈਂ ਤੇ ਆਵਦੀ ਬੋਲੀ ਤੇ ਰਹੁ-ਰੀਤਾਂ ਜਿਹਾ ਮਿੱਠਾ ਮੇਵਾ ਕੋਈ ਨਹੀਂ। ...ਬਈ ਕੁਸ਼ ਨੀ ਏਥੇ ਡਾਲਰਾਂ ਤੋਂ ਬਿਨਾਂ ਆਉਣ ਸਾਰ ਬੰਦਾ ਬਣ ਜਾਂਦੈ ਮੇੜ੍ਹ ਦਾ ਤੋਨੀ ਬਲਦ ਤੇ ਘੁਕੀ ਜਾਂਦੈ ਸਾਰੀ ਉਮਰ ਥਾਏਂ ਈ।'' (ਉਹੀ, ਪੰਨਾ 146)

ਪਰਵਾਸ ਦੀਆਂ ਦੁਸ਼ਵਾਰੀਆਂ ਨੇ ਪਰਵਾਸੀ ਪੰਜਾਬੀਆਂ ਅੰਦਰ ਆਪਣੀ ਜੰਮਣ ਭੋਇ ਪ੍ਰਤਿ ਉਦਰੇਵਾਂ ਪੈਦਾ ਕੀਤਾ ਹੈ, ਜਿਸ ਕਾਰਨ ਕਈ ਪਰਵਾਸੀ ਬੇਗਾਨੀਆਂ ਧਰਤੀਆਂ ਛੱਡ ਕੇ ਵਤਨ ਵਾਪਸੀ ਦਾ ਵੀ ਫ਼ੈਸਲਾ ਕਰ ਲੈਂਦੇ ਹਨ। ਪਰੰਤੂ ਉਹਨਾਂ ਨੂੰ ਆਪਣੀ ਜੰਮਣ ਭੋਇੰ 'ਤੇ ਵੀ ਉਹ ਰੁਤਬਾ ਪ੍ਰਾਪਤ ਨਹੀਂ ਹੁੰਦਾ ਜਿਸ ਦੇ ਉਹ ਹੱਕਦਾਰ ਹੁੰਦੇ ਹਨ। ਪਰਵਾਸੀਆਂ

ਦੁਆਰਾ ਹੱਡ ਭੰਨਵੀਂ ਮਿਹਨਤ ਦੁਆਰਾ ਕਮਾਏ ਹੋਏ ਧਨ ਨੇ ਵਤਨ ਵਾਸੀਆਂ ਦੇ ਦ੍ਰਿਸ਼ਟੀਕੋਣ ਬਦਲ ਦਿੱਤੇ ਹਨ। ਉਹਨਾਂ ਲਈ ਪਰਵਾਸੀ ਬੰਦੇ ਦੇ ਅਰਥ, ਰਿਸ਼ਤਿਆਂ ਦੀ ਥਾਂ ਪੌਂਡਾਂ ਅਤੇ ਪਦਾਰਥਕ ਵਸਤਾਂ ਤੱਕ ਸੀਮਤ ਹੋ ਕੇ ਰਹਿ ਗਏ ਹਨ। "ਇਉਂ ਪਰਵਾਸੀ ਪੰਜਾਬੀ ਮਨੁੱਖ ਦੇਸ-ਪਰਦੇਸ ਦੋਵਾਂ ਧਰਤੀਆਂ 'ਤੇ ਅਜਨਬੀਅਤ ਦਾ ਸ਼ਿਕਾਰ ਹੋ ਗਿਆ ਹੈ।"4

ਫਿਰ ਵੀ ਪਰਵਾਸੀ ਪੰਜਾਬੀ ਆਪਣੇ ਮੁਲਕ ਆ ਕੇ ਬੁਢਾਪੇ ਵਿਚ ਸੁੱਖ ਮਾਣਨ ਦੀ ਭ੍ਰਾਂਤੀ ਸਿਰਜੀ ਬੈਠਾ ਹੈ। ਆਪਣੇ ਵਤਨ ਤੇ ਸਭਿਆਚਾਰ ਲਈ ਤਰਸ ਗਿਆ ਕਾਕਾ ਆਖਦਾ ਹੈ :

> "ਵੀਰਨਾ ਆਪਾਂ ਤਾਂ ਦੋ ਮਹੀਨਿਆਂ ਨੂੰ ਚੜ੍ਹ ਜਾਣੈ ਪੰਜਾਬ ਨੂੰ, ਬਸ ਮੁੜ ਕੇ ਨੀ ਆਉਣਾ, ਹੁਣ ਤਾਂ ਜਵਾਂ ਗਰਾਰੀਆਂ ਤੇ ਬੂੜੀਏ ਘਸੇ ਪਏ ਐ ਕੰਮ ਕਰਦਿਆਂ ਦੇ, ਬੱਸ ਰੋਟੀ-ਪਾਣੀ ਜੋਗੇ ਕਮਾ ਲਏ ਐ, ਬਾਕੀ ਘਰ ਦੀ ਪੈਲੀ 'ਚੋਂ ਫਸਲਵਾੜੀ ਆਈ ਜਾਊ, ਕਾਹਦੇ ਪਿੱਛੇ ... ਕਾਹਦੇ ਪਿੱਛੇ ਹੱਡ ਭੰਨਾਈ ਜਾਣੇ ਐਂ, ਕੁੜੀਆਂ ਨੇ ਆਵਦੇ ਘਰੇ ਤੁਰ ਜਾਣੈ ਇਕ ਦਿਨ ਤੇ ਰਹਿ ਜਾਂ..ਗੇ ਬੁੜਾ-ਬੁੜੀ। ਜਿੰਨ੍ਹੇ ਪੈਸੇ ਵੱਧ ਜੋੜਾਂਗੇ, ਉਨਾਂ ਬੇਗਾਨੇ ਪੁੱਤ ਵੱਧ ਗਲ 'ਚ ਗੂਠਾ ਦੇਣਗੇ। ਜਵਾਨੀ ਤਾਂ ਗਾਲਤੀ ਡਾਲਰ ਕੱਠੇ ਕਰਨ 'ਚ ਚਲ ਬੁਢੇਪਾ ਤਾਂ ਆਪਦੀ ਸਿੰਘਣੀ ਕੋਲ ਕੱਟੀਏ, ਅਸੀਂ ਵੀ ਚਾਰ ਦਿਨ ਸੇਵਾ ਕਰਵਾ ਕੇ ਵੇਖ ਲਈਏ, ਨਹੀਂ ਤਾਂ... ।" (ਉਹੀ, ਪੰਨਾ 150)

ਪਰਵਾਸੀਆਂ ਦੁਆਰਾ ਗੈਰ-ਕਾਨੂੰਨੀ ਤਰੀਕੇ ਰਾਹੀਂ ਪਰਵਾਸ ਧਾਰਨਾ ਅਤੇ ਪੱਕੇ ਹੋਣ ਲਈ ਕਿਸੇ ਕਾਲੀ ਜਾਂ ਗੋਰੀ ਨਾਲ ਆਰਜ਼ੀ ਵਿਆਹ ਕਰਵਾਉਣਾ ਵੀ ਕਈ ਵਾਰ ਉਹਨਾਂ ਦੇ ਅੰਤਰ-ਸਭਿਆਚਾਰਕ ਦਵੰਦ ਵਿਚ ਵਾਧਾ ਕਰਦਾ ਹੈ, ਕਿਉਂਕਿ ਕਈ ਵਾਰ ਇਹ ਆਰਜ਼ੀ ਵਿਆਹ ਵੀ ਗਲ ਪਿਆ ਢੋਲ ਬਣ ਜਾਂਦਾ ਹੈ। ਇਸ ਲਈ ਪਰਵਾਸੀ ਪੰਜਾਬੀ ਨਾ ਚਾਹੁੰਦਾ ਹੋਇਆ ਵੀ ਸਭ ਤਰ੍ਹਾਂ ਦੀਆਂ ਜ਼ਿੰਮੇਦਾਰੀਆਂ ਨਿਭਾਉਣ ਲਈ ਮਜ਼ਬੂਰ ਹੁੰਦਾ ਹੈ। ਇਸ ਤਰ੍ਹਾਂ ਪਰਵਾਸੀ ਪੰਜਾਬੀ ਸਭਿਆਚਾਰਕ ਅੰਤਰ-ਦਵੰਦ ਦਾ ਭਾਗੀਦਾਰ ਬਣਦਾ ਹੈ। ਬੇਗਾਨੀਆਂ ਧਰਤੀਆਂ 'ਤੇ ਪੱਕੇ ਪੈਰੀਂ ਹੋਣ ਲਈ ਸੌ ਤਰ੍ਹਾਂ ਦੇ ਪਾਪੜ ਵੇਲਦਾ ਹੈ। ਧਾਲੀਵਾਲ ਪਰਵਾਸੀ ਪੰਜਾਬੀਆਂ ਦੀ ਜਟਿਲਤਾ ਭਰਪੂਰ ਜ਼ਿੰਦਗੀ ਬਾਰੇ ਇਉਂ ਟਿੱਪਣੀ ਕਰਦਾ ਹੈ :

> "ਕਿਸੇ ਨੇ ਘਰ ਵਾਲੀ ਤੋਂ ਤਲਾਕ ਦੇ ਕਾਗਜ਼ਾਂ ਉਤੇ ਦਸਤਖ਼ਤ ਕਰਵਾ ਛੱਡੇ ਸਨ ਅਤੇ ਪੱਕੇ ਹੋਣ ਲਈ ਅਮਰੀਕਾ ਦੀ ਸਿਟੀਜਨ ਕਾਲੀ ਨਾਲ ਆਰਜ਼ੀ ਵਿਆਹ ਕਰਨ ਦੀ ਪੱਕ-ਠੱਕ ਕਰ ਲਈ ਹੋਈ ਸੀ। ਪੱਕੇ ਹੋਣ ਦੀ ਮੋਹਰ ਲੱਗਣ ਦੀ ਦੇਰ ਸੀ ਕਿ ਸੱਧਰਾਂ ਦੇ ਸੁੱਕੇ ਬਾਗ ਹਰੇ ਹੋ ਜਾਣੇ ਸਨ।" (ਉਹੀ, ਪੰਨਾ 38)

ਬਲਦੇਵ ਧਾਲੀਵਾਲ ਨੇ ਪਰਵਾਸੀਆਂ ਅਤੇ ਮੂਲਵਾਸੀਆਂ ਦੀ ਜ਼ਿੰਦਗੀ ਦੀਆਂ

ਵਿਭਿੰਨ ਤਰ੍ਹਾਂ ਦੀਆਂ ਵਿਥਾਂ, ਖੱਪਿਆਂ ਅਤੇ ਅਧੂਰੀਆਂ ਰਹਿ ਗਈਆਂ ਖ਼ਾਹਸ਼ਾਂ ਨੂੰ ਦਰਜ ਕੀਤਾ ਹੈ। ਲਿਖਤ ਵਿਚ ਅਜੇ ਵੀ ਬਹੁਤ ਕੁਝ ਅਣ-ਛੋਹਿਆ ਰਹਿ ਗਿਆ ਹੈ। ਬਹੁਤ ਸਾਰੇ ਵੇਰਵੇ ਹਨ ਜਿਹੜੇ ਅਜੇ ਵੀ ਨਜਿੱਠਣੇ ਬਣਦੇ ਹਨ। ਪਰਵਾਸੀ ਪੰਜਾਬੀ ਬੰਦੇ ਨੂੰ ਇਸ ਲਿਖਤ ਵਿਚੋਂ ਸਿਰਫ਼ ਹੇਰਵਾਗ੍ਰਸਤ ਹੀ ਨਹੀਂ ਦੇਖਿਆ ਜਾ ਸਕਦਾ। ਵਿਦੇਸ਼ੀ ਧਰਤੀ ਉਸ ਨੂੰ ਇਸ ਲਈ ਓਨੀ ਬਿਗਾਨੀ ਨਹੀਂ ਕਿਉਂਕਿ ਇਸ ਤਰ੍ਹਾਂ ਦੀ ਬੇਗਾਨਗੀ ਦਾ ਅਹਿਸਾਸ ਤਾਂ ਉਸ ਨੇ ਆਪਣੇ ਦੇਸ ਵਿਚ ਤਰਸੇਵੇਂ ਹੰਢਾਉਂਦਿਆਂ ਵੀ ਭੋਗਿਆ ਹੈ। ਇਸ ਲਈ ਜਾਇਜ਼-ਨਜਾਇਜ਼ ਤਰੀਕਿਆਂ ਰਾਹੀਂ ਉਹ ਵਿਦੇਸ਼ੀਂ ਤੁਰ ਆਏ। ਇਹਨਾਂ ਮੁਲਕਾਂ ਵਿਚ ਆ ਕੇ ਵੀ ਕਈਆਂ ਦੀ ਸਥਿਤੀ ਸ਼ਰਨਾਰਥੀਆਂ ਵਰਗੀ ਹੀ ਰਹੀ। ਇਉਂ ਗੈਰ-ਕਾਨੂੰਨੀ ਤੌਰ 'ਤੇ ਰਹਿੰਦੇ ਪਰਵਾਸੀ ਪੰਜਾਬੀਆਂ ਦਾ ਨਸਲੀ ਤੇ ਆਰਥਕ ਸ਼ੋਸ਼ਣ ਕੇਵਲ ਪੱਛਮ ਦੇ ਮੂਲ ਵਾਸੀ ਹੀ ਨਹੀਂ ਕਰਦੇ ਸਗੋਂ ਉਥੇ ਪੱਕੇ ਤੇ ਸਥਾਪਤ ਹੋ ਚੁੱਕੇ ਪਰਵਾਸੀ ਪੰਜਾਬੀ ਵੀ ਕਰਦੇ ਹਨ। ਉਹ ਨਵੇਂ ਗਏ ਪਰਵਾਸੀਆਂ ਤੋਂ ਹਰ ਰੋਜ਼ ਕੁਝ ਘੰਟੇ ਓਵਰ-ਟਾਈਮ ਲਗਵਾਉਂਦੇ ਹਨ ਪਰ ਇਹਨਾਂ ਘੰਟਿਆਂ ਦੇ ਪੈਸੇ ਨਹੀਂ ਦਿੰਦੇ। ਸਪਾਂਸਿਰਸ਼ਿਪ ਦੇ ਕਾਗਜ਼ ਬਣਵਾ ਕੇ ਦੇਣ ਬਦਲੇ ਪੰਜਾਬੀ ਮੁਲਾਜ਼ਮਾਂ ਤੋਂ ਵਾਧੂ ਕੰਮ ਵੀ ਕਰਵਾਉਂਦੇ ਹਨ ਤੇ ਉਜਰਤ ਵੀ ਨਹੀਂ ਦਿੰਦੇ। ਇਹ ਮੁਲਾਜ਼ਮ ਅੰਦਰੋਂ-ਅੰਦਰੀਂ ਵਿਸ ਘੋਲਦੇ ਹਨ ਪਰ ਅੱਗੇ ਨਹੀਂ ਬੋਲਦੇ। ਪੱਕੇ ਹੋਣ ਲਈ ਉਹਨਾਂ ਨੂੰ 'ਬੀਬੇ' ਬਣ ਕੇ ਹੀ ਰਹਿਣਾ ਪੈਂਦਾ ਹੈ। ਗ਼ੈਰ-ਕਾਨੂੰਨੀ ਪਰਵਾਸੀ ਨੂੰ ਸਰਕਾਰ ਵੀ ਸਿਰਫ ਉਨੀ ਦੇਰ ਕੁਝ ਨਹੀਂ ਕਹਿੰਦੀ, ਜਿਨਾਂ ਚਿਰ ਉਹ ਚੁਪਚਾਪ ਸੀਲ ਬਣ ਕੇ ਕੰਮ ਕਰਦਾ ਰਹਿੰਦਾ ਹੈ। ਇਸ ਕਰਕੇ ਪਰਵਾਸੀ ਪੰਜਾਬੀ ਆਪਣੀਆਂ ਬਹੁਤ ਸਾਰੀਆਂ ਸਭਿਆਚਾਰਕ ਆਦਤਾਂ ਨੂੰ ਆਪਣੇ ਅੰਦਰ ਹੀ ਦੱਬ ਘੁਟ ਕੇ ਜਿਉਂਦਾ ਹੋਇਆ ਸਭਿਆਚਾਰਕ ਦਵੰਦ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਸੰਦਰਭ ਵਿਚ ਲੇਖਕ ਦੀ ਟਿੱਪਣੀ ਗੌਲਣਯੋਗ ਹੈ:

> ''ਇਸੇ ਕਰਕੇ ਪੀ-ਪੀ ਕੇ ਕਿਲਕਾਰੀਆਂ ਮਾਰਨ ਵਾਲੇ ਪੰਜਾਬ ਦੇ ਖਰੂਦੀ ਗੱਭਰੂ ਵੀ ਅਮਰੀਕਾ 'ਚ ਕੰਨ ਵਿਚ ਪਾਏ ਨਹੀਂ ਰੜਕਦੇ। ਪੱਕੇ ਹੋਣ ਤੱਕ ਬਿਲਕੁਲ ਹੀ ਨੰਗ ਜੱਟ ਦੀ ਤੀਵੀਂ ਵਾਂਗ ਲਿਫ਼ ਕੇ ਦਿਨ ਕੱਟਣੇ ਪੈਂਦੇ ਹਨ।''
>
> (ਉਹੀ, ਪੰਨਾ 39)

ਪੱਛਮੀ ਸਥਿਤੀਆਂ ਵਿਚ ਫਸਿਆ ਬੰਦਾ ਸੁਭਾਵਿਕ ਹੀ ਪੂੰਜੀਵਾਦੀ ਖ਼ਾਸੇ ਦਾ ਬਣ ਜਾਣ ਲਈ ਮਜ਼ਬੂਰ ਹੁੰਦਾ ਹੈ। ਇਸ ਤਰ੍ਹਾਂ ਇਸ ਸਿਸਟਮ ਵਿਚ ਵਿਚਰ ਰਹੇ ਬੰਦੇ ਦੇ ਸਨਮੁੱਖ ਇਕ ਸਮੇਂ ਪੈਸੇ ਦੀ ਥੁੜ੍ਹ ਜਾਂ ਬਹੁਲਤਾ ਤੇ ਕਈ ਵਾਰ ਪੈਦਾ ਹੋਈ ਹਵਸ ਨੇ ਪਰਵਾਸੀ ਪੰਜਾਬੀ ਮਨੁੱਖ ਦੇ ਸਭਿਆਚਾਰਕ ਮੁੱਲ ਬਦਲ ਦਿੱਤੇ ਹਨ। ਉਹ ਕਿਸੇ ਮਜ਼ਬੂਰ ਭਾਈਬੰਦ ਦੀ ਮੱਦਦ ਕਰਨ ਦੀ ਥਾਂ ਉਸ ਨੂੰ ਲੁੱਟਣ ਦੀ ਕੋਸ਼ਿਸ਼ ਕਰਦੇ ਹਨ। ਕੰਮ 'ਤੇ ਵੀ ਉਸ ਦੀ ਕੋਸ਼ਿਸ਼ ਯੋਗ ਅਯੋਗ ਢੰਗਾਂ ਦੁਆਰਾ ਸਾਥੀ ਕਾਮਿਆਂ ਦਾ ਓਵਰ-ਟਾਈਮ ਹਥਿਆਉਣ ਦੀ ਹੁੰਦੀ ਹੈ। ਵਧੇਰੇ ਧਨ ਕੰਮਾਉਣ ਦੀ ਲਾਲਸਾ ਅਧੀਨ ਉਹ ਗ਼ਲਤ ਕੰਮ ਕਰਦੇ ਹਨ। ਵਧੇਰੇ ਪੈਸਾ ਆਉਣ 'ਤੇ ਆਪਣੇ ਹੀ ਲੋਕਾਂ ਨੂੰ ਮਾੜਾ ਕਹਿੰਦੇ ਅਤੇ ਨਿੰਦਦੇ ਹਨ।[5]

ਆਰਥਕ ਪੱਖੋਂ ਖੁਸ਼ਹਾਲ ਹੋਣ ਕਾਰਨ ਅਤੇ ਪੱਛਮੀ ਸਭਿਆਚਾਰਕ ਰੁਚੀਆਂ ਅਧੀਨ ਪਰਵਾਸੀ ਪੰਜਾਬੀ ਇਕ ਤੋਂ ਬਾਅਦ ਦੂਜਾ ਤੇ ਫਿਰ ਹੋਰ ਵਿਆਹ ਕਰਨ ਵੱਲ ਅਹੁਲਦੇ ਵੀ ਹਨ। ਇਨ੍ਹਾਂ ਪਰਵਾਸੀ ਪਰਿਵਾਰਾਂ ਵਿਚ ਤਿੜਕਣ ਹੀ ਪੈਦਾ ਨਹੀਂ ਹੁੰਦੀ ਸਗੋਂ ਪਰਿਵਾਰਕ ਭਟਕਣਾ ਵੀ ਪੈਦਾ ਹੁੰਦੀ ਹੈ। ਸਵੀਕ੍ਰਿਤੀ-ਅਸਵੀਕ੍ਰਿਤੀ ਦੇ ਇਸ ਡਾਇਸਪੋਰਿਕ ਮਾਹੌਲ ਵਿਚ ਪੰਜਾਬੀ ਬੰਦਾ ਸਭਿਆਚਾਰਕ ਸਿਸਟਮ ਵਿਚ ਵੀ ਫਿਟ ਨਹੀਂ ਬੈਠਦਾ। ਬੇਗਾਨੀ ਸਪੇਸ ਵਿਚ ਪੰਜਾਬੀ ਔਰਤ ਵੀ ਸਭਿਆਚਾਰਕ ਅੰਤਰ-ਦਵੰਦਾਂ ਦੀ ਸ਼ਿਕਾਰ ਹੁੰਦੀ ਹੈ। ਹਥਲੀ ਰਚਨਾ ਵਿਚਲਾ ਪਾਤਰ ਜਗਵਿੰਦਰ ਵੀ ਪੱਛਮ ਦੀਆਂ ਦੇਹਵਾਦੀ ਰੁਚੀਆਂ ਤਹਿਤ ਦੂਜਾ ਵਿਆਹ ਕਰਵਾਉਂਦਾ ਹੈ। ਉਸ ਬਾਰੇ ਲੇਖਕ ਦੀ ਟਿੱਪਣੀ ਇਸ ਤਰ੍ਹਾਂ ਹੈ :

> ''ਅਮੀਰ ਹੋ ਕੇ ਪਹਿਲੀ ਵਿਆਹੁਲੀ ਤੋਂ ਮਨ ਭਰ ਗਿਆ ਸੀ, ਇਸ ਲਈ ਇਕ ਗੜਵੇ ਵਰਗੀ ਪੰਜਾਬਣ ਨਾਲ ਦੂਜਾ ਵਿਆਹ ਕਰਵਾ ਲਿਆ।'' (ਉਹੀ, ਪੰਨਾ 147)

ਇਸੇ ਤਰ੍ਹਾਂ ਪੂੰਜੀਵਾਦੀ ਰੁਚੀਆਂ ਤਹਿਤ ਔਰਤ ਨੂੰ ਆਪਣੀ ਸਫ਼ਲਤਾ ਦੀ ਪੌੜੀ ਬਣਾਉਂਦਾ ਪਰਵਾਸੀ ਪੰਜਾਬੀ ਬਲਵਿੰਦਰ ਬਠਲਾ ਵੀ ਇਕ ਤੋਂ ਬਾਅਦ ਇਕ ਵਿਆਹ ਕਰਵਾਉਂਦਾ ਜਾਂਦਾ ਹੈ ਤੇ ਪੰਜਾਬੀ ਔਰਤ ਦੀ ਹਸਤੀ ਸੰਕਟ ਵਿਚ ਲਹਿੰਦੀ ਜਾਂਦੀ ਹੈ। ਉਸ ਬਾਰੇ ਬਲਦੇਵ ਧਾਲੀਵਾਲ ਦੀ ਟਿੱਪਣੀ ਵੀ ਗੌਲਣਯੋਗ ਹੈ :

> ''ਬਲਵਿੰਦਰ ਬਠਲਾ ਪੂਰੀ ਤਰ੍ਹਾਂ ਨਿਊਯਾਰਕੀਆ ਬਣ ਚੁੱਕਿਆ ਸੀ। ਉਹ ਸ਼ਿਵਾਲਿਕ ਸਕੂਲ ਮੋਹਾਲੀ ਦੇ ਪ੍ਰਿੰਸੀਪਲ ਸ੍ਰ. ਬੇਦੀ ਦਾ ਭਣੋਈਆ ਹੁੰਦਾ ਸੀ ਅਤੇ ਮੇਰਾ ਬੇਲੀ। ਪਰ ਹੁਣ ਆਪਣੀ ਤਰੱਕੀ ਦੀ ਦੌੜ ਵਿਚ ਉਹ ਸਭ ਕੁਝ ਪਿੱਛੇ ਸੁੱਟ ਆਇਆ ਸੀ। ਸ੍ਰ. ਬੇਦੀ ਦੀ ਭੈਣ ਤੋਂ ਪਿੱਛੋਂ ਇਕ ਹੋਰ ਅਤੇ ਫੇਰ ਇਕ ਹੋਰ ਔਰਤ। ਇਹ ਸਭ ਸਫਲਤਾ ਦੀ ਪੌੜੀ ਦੇ ਡੰਡੇ ਬਣ ਗਈਆਂ ਸਨ। ਹੁਣ ਉਹ ਇਕ ਖ਼ੂਬਸੂਰਤ ਹੋਲੀ ਜਿਹੀ ਉਮਰ ਦੀ ਕੁੜੀ ਦਾ ਪਤੀ ਸੀ।''
>
> (ਉਹੀ, ਪੰਨਾ 126)

ਇਸ ਤਰ੍ਹਾਂ ਵੱਡੀ ਉਮਰ ਦੇ ਪਰਵਾਸੀ ਮਰਦ ਆਪਣੇ ਪੈਸੇ ਦੇ ਬਲ ਉੱਤੇ ਛੋਟੀ ਉਮਰ ਦੀਆਂ ਕੁੜੀਆਂ ਨਾਲ ਵਿਆਹ ਕਰਵਾ ਲੈਂਦੇ ਹਨ। ਅਜਿਹੇ ਵਿਆਹਾਂ ਵਿਚ ਜੁਆਨ ਪਤਨੀਆਂ ਦੇ ਅਰਮਾਨ ਕੁਚਲੇ ਜਾਂਦੇ ਹਨ ਤੇ ਉਹ ਆਪਣੇ ਸਭਿਆਚਾਰਕ ਤਕਾਜ਼ਿਆਂ ਨੂੰ ਉਲੰਘ ਕੇ ਕੁਰਾਹੇ ਪੈ ਜਾਂਦੀਆਂ ਹਨ। ਪਰਵਾਸੀ ਕਿਉਂਕਿ ਪਰਵਾਸ ਧਾਰਨ ਹੀ ਇਸ ਲਈ ਕਰਦੇ ਹਨ ਕਿ ਵਧੇਰੇ ਪੈਸਾ ਕਮਾ ਕੇ ਉਹ ਵਤਨ ਵਾਪਸ ਪਰਤ ਜਾਣਗੇ ਪਰ ਪੈਸੇ ਦੀ ਪ੍ਰਾਪਤੀ ਕੋਈ ਸਹਿਜ ਸਰਲ ਪ੍ਰਕਿਰਿਆ ਨਹੀਂ। ਇਸ ਲਈ ਲਹੂ ਬਾਲਣਾ ਪੈਂਦਾ ਹੈ। ਇਸ ਲਈ ਸੁੱਖ ਆਰਾਮ ਕੁਰਬਾਨ ਕਰਨੇ ਪੈਂਦੇ ਹਨ ਤੇ ਇਹ ਪੈਸਾ, ਦੇਹ, ਮਨ ਤੇ ਕਰਮ ਤੋਂ ਕੀਮਤਾਂ ਵਸੂਲ ਕਰਦਾ ਹੈ। ਪਰਵਾਸੀ ਕਾਮੇ ਮਸ਼ੀਨ ਨਾਲ ਮਸ਼ੀਨ ਹੋ ਕੇ ਰਹਿ ਗਏ ਹਨ। ਪਹਿਲਾਂ ਰੱਜ ਕੇ ਕਮਾਈ ਲਈ ਓਵਰ ਟਾਈਮ। ਓਵਰ ਟਾਈਮ ਕਰਕੇ ਪਰਿਵਾਰ ਵੱਲੋਂ

ਲਾਪਰਵਾਹੀ। ਲਾਪਰਵਾਹੀ ਦੇ ਸਿੱਟੇ ਵਜੋਂ ਬੱਚੇ ਬੇਪਰਵਾਹ ਹੋ ਗਏ। ਲਾਪਰਵਾਹੀ ਤੇ ਲਿੰਗ-ਤ੍ਰਿਸ਼ਨਾ ਕਰਕੇ ਔਰਤ ਨੇ ਪਰਿਵਾਰ ਬਾਹਰੇ ਸੰਬੰਧਾਂ ਨੂੰ ਤਰਜੀਹ ਦੇ ਦਿੱਤੀ। ਇੰਝ ਬਾਹਰੋਂ ਸਾਬਤ ਦਿਸਦਾ ਪਰਿਵਾਰ ਅੰਦਰੋਂ ਖੇਰੂੰ-ਖੇਰੂੰ ਹੋ ਗਿਆ।[6]

ਇਸ ਤਰ੍ਹਾਂ ਪਰਵਾਸੀ ਪੰਜਾਬੀ ਪਰਿਵਾਰ ਗਹਿਰੇ ਅੰਤਰ-ਸਭਿਆਚਾਰਕ ਦਵੰਦਾਂ ਵਿਚ ਘਿਰ ਚੁੱਕੇ ਹਨ।

ਅੰਤਰ-ਸਭਿਆਚਾਰਕ ਦਵੰਦਾਂ ਦਾ ਇਕ ਹੋਰ ਮਹੱਤਵਪੂਰਨ ਪ੍ਰੇਰਕ ਪੀੜ੍ਹੀ-ਪਾੜਾ ਹੈ। ਪਹਿਲੀ ਪੀੜ੍ਹੀ ਭਾਰਤੀ ਸੰਸਕ੍ਰਿਤੀ, ਮੂਲ ਸਭਿਆਚਾਰ ਤੇ ਜਨ ਜੀਵਨ ਨਾਲ ਸੰਬੰਧਿਤ ਰਹੀ ਹੈ। ਇਸ ਪੀੜ੍ਹੀ ਦਾ ਪਿਛੋਕੜ ਜ਼ਮੀਨੀ ਸਭਿਆਚਾਰ ਨਾਲ ਜੁੜਿਆ ਹੋਇਆ ਹੈ। ਏਥੋਂ ਦੀ ਨਵੀਂ ਪੀੜ੍ਹੀ ਮਸ਼ੀਨੀ ਸਭਿਅਤਾ ਦੇ ਅਸਰ ਹੇਠਾਂ ਪਲੀ ਹੈ। ਪਹਿਲੀ ਪੀੜ੍ਹੀ ਦੀਆਂ ਕੀਮਤਾਂ ਜਾਗੀਰਦਾਰੀ ਸੰਰਚਨਾ ਵਾਲੀਆਂ ਹਨ। ਸ਼ਰਮ, ਹਯਾ, ਇੱਜ਼ਤ ਤੇ ਵਰਜਨਾ ਉਨ੍ਹਾਂ ਦੇ ਸੁਭਾਅ ਦਾ ਅੰਗ ਹਨ। ਏਥੇ ਜੰਮੀ-ਪਲੀ ਪੀੜ੍ਹੀ ਇਨ੍ਹਾਂ ਕਦਰਾਂ-ਕੀਮਤਾਂ ਤੋਂ ਸੁਤੰਤਰ ਹੈ ਤੇ ਮਨਚਾਹੀਆਂ ਰੁਚੀਆਂ ਦੀ ਧਾਰਣੀ ਬਣ ਗਈ ਹੈ। ਦੂਜੀ ਪੀੜ੍ਹੀ ਦਾ ਪਹਿਲੀ ਪੀੜ੍ਹੀ ਦੀਆਂ ਅਕਾਂਖਿਆਵਾਂ/ਅਭਿਲਾਸ਼ਾਵਾਂ ਨਾਲ ਬਿਲਕੁਲ ਸਰੋਕਾਰ ਨਹੀਂ ਰਿਹਾ। ਇਸ ਤਰ੍ਹਾਂ ਦੋ ਪੀੜ੍ਹੀਆਂ ਵਿਚ ਇਕ ਜ਼ਬਰਦਸਤ ਤਣਾਓ ਪੈਦਾ ਹੋ ਗਿਆ ਹੈ।[7]

ਪਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਲਈ ਪੀੜ੍ਹੀ-ਪਾੜੇ ਦੇ ਸਿੱਟੇ ਵਜੋਂ ਸਭ ਤੋਂ ਵਧੇਰੇ ਸਭਿਆਚਾਰਕ ਦਵੰਦ ਦਾ ਕਾਰਨ ਪੱਛਮੀ ਕਦਰਾਂ ਕੀਮਤਾਂ ਨਾਲ ਲੈਸ ਜੁਆਨ ਹੋ ਰਹੀਆਂ ਕੁੜੀਆਂ ਹਨ। ਬੰਦ ਸਮਾਜਕ ਸੰਰਚਨਾ ਵਿਚੋਂ ਖੁਲ੍ਹੇ ਮਾਹੌਲ ਵਿਚ ਗਈਆਂ ਜਾਂ ਪਲ ਰਹੀਆਂ ਇਹ ਕਿਸ਼ੋਰ ਕੁੜੀਆਂ ਪੱਛਮੀ ਸਭਿਆਚਾਰਕ ਮੁੱਲਾਂ ਨੂੰ ਬੜੀ ਤੇਜੀ ਨਾਲ ਅਪਣਾ ਰਹੀਆਂ ਹਨ। ਇਸ ਦਾ ਮੁੱਖ ਕਾਰਨ ਉਨ੍ਹਾਂ ਪ੍ਰਤੀ ਪਹਿਲੀ ਪੀੜ੍ਹੀ ਦਾ ਦੋਗਲਾ ਰਵੱਈਆ, ਧੀ ਅਤੇ ਪੁੱਤਰ ਵਿਚਕਾਰਲੇ ਫਰਕ, ਘਰ ਤੇ ਬਾਹਰ ਪੰਜਾਬੀ ਮਰਦਾਂ ਦੀ ਹੈਂਜਮਨੀ ਅਤੇ ਪਰੰਪਰਾਵਾਦੀ ਪੰਜਾਬੀ ਔਰਤ ਦੇ ਕਾਰਾਂ-ਵਿਹਾਰਾਂ ਨਾਲ ਨਫ਼ਰਤ ਹੈ। ਦੂਸਰਾ ਪੱਛਮੀ ਸਮਾਜ ਦੀ ਆਜ਼ਾਦ ਔਰਤ ਦਾ ਮਾਡਲ ਉਨ੍ਹਾਂ ਦੇ ਸਾਹਮਣੇ ਹੈ। ਇਸ ਲਈ ਉਹ ਨੌਕਰੀ ਮਿਲਣ ਜਾਂ ਅਠ੍ਹਾਰਵੇਂ ਵਰ੍ਹੇ ਦੀ ਆਮਦ ਦਾ ਹੀ ਇੰਤਜ਼ਾਰ ਕਰ ਰਹੀਆਂ ਹੁੰਦੀਆਂ ਹਨ ਅਤੇ ਮੌਕਾ ਮਿਲਣ 'ਤੇ ਘਰੋਂ ਭੱਜ ਜਾਂਦੀਆਂ ਹਨ।[8]

ਹਥਲੀ ਰਚਨਾ ਵਿਚ ਅਸੀਂ ਦੇਖਦੇ ਹਾਂ ਕਿ ਢਿਲੋਂ ਦੀ ਪਤਨੀ ਚਾਹੁੰਦੀ ਹੈ ਕਿ ਉਹ ਆਪਣੀਆ ਧੀਆਂ ਦਾ ਵਿਆਹ ਵੀ ਪੰਜਾਬ ਵਿਚੋਂ ਕੋਈ ਸੋਹਣੇ-ਸੁਨੱਖੇ ਮੁੰਡੇ ਲੱਭ ਕੇ ਕਰੇ ਤਾਂ ਕਿ ਉਹ ਆਪਣੇ ਸਭਿਆਚਾਰ ਅਤੇ ਭਾਸ਼ਾ ਨਾਲ ਜੁੜੀਆਂ ਰਹਿ ਸਕਣ। ਪਰ ਪੰਜਾਬੀ ਸਭਿਆਚਾਰ ਤੋਂ ਵਿਥ ਉਪਰ ਰਹਿ ਕੇ ਪਲੀਆਂ ਤੇ ਪਰਵਾਨ ਚੜ੍ਹੀਆਂ ਇਹਨਾਂ ਕੁੜੀਆਂ ਨੂੰ ਇਹ ਮਨਜ਼ੂਰ ਨਹੀਂ। ਵੱਖਰੀ ਸਭਿਆਚਾਰਕ ਸਪੇਸ ਵਿਚ ਨਵੇਂ ਜੀਵਨ ਮੁੱਲਾਂ ਅਤੇ ਕਦਰਾਂ ਕੀਮਤਾਂ ਸਨਮੁਖ ਇਸ ਨਵੀਂ ਪੀੜ੍ਹੀ ਦੀਆਂ ਕੁੜੀਆਂ ਨੂੰ ਪੰਜਾਬੀ ਮਰਦ ਦੀ ਹੈਂਜਮਨੀ ਕਾਬੂਲ ਨਹੀਂ ਹੈ। ਉਹ ਮਨਮਰਜੀ ਦਾ ਜੀਵਨ ਜਿਊਣ ਦੀਆਂ ਇੱਛੁਕ ਹਨ। ਜਦੋਂ ਲੇਖਕ

ਕੁੜੀਆਂ ਨੂੰ ਉਹਨਾਂ ਦੀ ਮਾਤਾ ਦੀ ਇੱਛਾ ਬਾਰੇ ਦਸਦਾ ਹੈ ਤਾਂ ਅਮਨ ਆਖਦੀ ਹੈ :

> ''ਓਅ ਸ਼ਿੱਟ ! ਪੰਜਾਬੀ ਮੁੰਡਾ, ਪਤਾ ਨਹੀਂ ਕੀ ਕੀ ਬੇਕਾਰ ਸੋਚਦੀ ਰਹਿੰਦੀ ਐ ਮੰਮ, ਅੰਕਲ ਮੈਨੂੰ ਇੰਡੀਆ ਦਾ ਸਾਰਾ ਕੁਝ ਬਹੁਤ ਫੰਨੀ ਜਿਹਾ ਲਗਦਾ ਹੈ, ਮੰਮ ਨੇ ਮੈਨੂੰ ਇਕ ਹਿੰਦੀ ਦੇ ਸੌਂਗਸ ਦੀ ਕੈਸਟ ਲਿਆ ਕੇ ਦਿੱਤੀ ਐ, ਮੈਨੂੰ ਪਤਾ ਨਈਂ ਲਗਦਾ ਉਹ ਕੀ ਬੋਲਦੇ ਨੇ, ਮਿਊਜ਼ਕ ਵੀ ਕੁਝ ਹੋਰ ਤਰ੍ਹਾਂ ਦਾ ਹੈ। ਇਕ ਗਾਣਾ ਹੈ, ਜਾਨੂਮ, ਜਾਨੇ ਜਿਗਰ... ਤੂੰ ਨਾ ਮਿਲਾ ਤੋ ਮਰ ਜਾਊਂਗੀ। ਅੰਕਲ ਕੀ ਹੁੰਦੈ ਇਹ ਜਾਨੂਮ ? 'ਬੁਆਏ ਫਰੈਂਡ' ਮੈ ਦੱਸਿਆ। ਉਹ ਖਿੜਖਿੜਾ ਕੇ ਹੱਸੀ। 'ਫੇਰ ਕਿਉਂ ਕਹਿੰਦੀ ਹੈ ਮਰ ਜਾਉਂਗੀ, ਕਿਸੇ ਹੋਰ ਜਾਨੂਮ ਨਾਲ ਲਿਫਟ ਲੈ ਲਵੇ।'' (ਉਹੀ, ਪੰਨਾ-59)

ਇਹ ਕੰਡੀਸ਼ਨ ਪੰਜਾਬੀਆਂ ਦੀ ਹੈ। ਕਈ ਵਾਰੀ ਹਾਲਾਤ ਇਸ ਦੇ ਉਲਟ ਵੀ ਪੁਜੀਸ਼ਨ ਲੈਂਦੇ ਹਨ। ਭਾਰਤੀ ਲੋਕ, ਖ਼ਾਸਕਰ ਪੰਜਾਬੀ ਜੇਕਰ ਪੱਛਮੀ ਰਹਿਤਲ ਅਤੇ ਤਰਜ਼ੇ-ਜ਼ਿੰਦਗੀ ਨੂੰ ਗ੍ਰਹਿਣ ਕਰਨ ਵਿਚ ਮੋਹਰੀ ਹਨ ਤਾਂ ਪੱਛਮੀ ਲੋਕ ਵੀ ਪੰਜਾਬੀ ਸਭਿਆਚਾਰ, ਭਾਸ਼ਾ ਅਤੇ ਖਾਣ ਹੰਡਾਉਣ ਵਾਲੀਆਂ ਚੀਜ਼ਾਂ ਦੇ ਮੁੱਦਈ ਹਨ। ਕੁਝ ਪੰਜਾਬੀ ਪਰਿਵਾਰ ਵੀ ਆਪਣੇ ਪਰੰਪਰਕ ਮੁੱਲਾਂ ਨੂੰ ਵਿਰਾਸਤ ਵਜੋਂ ਸੰਭਾਲਣ ਦੀ ਵਾਹ ਲਾ ਦਿੰਦੇ ਹਨ। ਲੇਖਕ ਵੱਲੋਂ ਦਰਜ ਇਹ ਟਿੱਪਣੀ ਵੀ ਗੋਰਿਆਂ ਉਪਰ ਪੰਜਾਬੀ ਸਭਿਆਚਾਰ ਦੇ ਪ੍ਰਭਾਵ ਨੂੰ ਦਰਸਾਉਂਦੀ ਹੈ :

> ''ਬਲਦੇਵ ਜੀ ਕਦੇ ਉਹ ਸਮਾਂ ਵੀ ਸੀ ਕਿਤੇ ਕੋਈ ਪੰਜਾਬਣ ਸਲਵਾਰ-ਕੁੜਤੀ ਪਾ ਕੇ ਇਧਰੋਂ ਲੰਘਦੀ ਸੀ ਤਾਂ ਲੋਕ ਉਸਦੇ ਪਹਿਰਾਵੇ ਨੂੰ ਹੈਰਾਨੀ ਨਾਲ ਅੱਖਾਂ ਟੱਡ-ਟੱਡ ਵੇਖਦੇ ਸਨ ਅਤੇ ਉਸ ਨੂੰ ਜਾਹਲ ਸਮਝਦੇ ਸਨ, ਪਰ ਹੁਣ ਵੇਖ ਕੁੜਤਿਆਂ ਪਜਾਮਿਆਂ ਵਾਲੇ ਬਾਬੇ ਤੇ ਪੰਜਾਬੀ ਸੂਟ ਪਹਿਨੀਂ ਜ਼ਨਾਨੀਆਂ ਕਿਵੇਂ ਮੜਕ ਨਾਲ ਫਿਰਦੇ ਨੇ। ਪੰਜਾਬੀਆਂ ਦੇ ਪਹਿਰਾਵੇ, ਖਾਣੇ ਅਤੇ ਸੰਗੀਤ ਦਾ ਪ੍ਰਭਾਵ ਇਨ੍ਹਾਂ ਪੱਛਮੀ ਲੋਕਾਂ ਨੇ ਵੀ ਕਬੂਲਿਆ ਐ।''(ਉਹੀ, ਪੰਨੇ 235-36)

ਪੱਛਮ ਦੀਆਂ ਦੇਹਵਾਦੀ ਖੁੱਲ੍ਹਾਂ ਅਤੇ ਪੈਸਾ ਮੁਖੀ ਕੀਮਤਾਂ ਨੂੰ ਪੰਜਾਬੀ ਨੌਜਵਾਨ ਪੀੜ੍ਹੀ ਨੇ ਵਧੇਰੇ ਤੇਜੀ ਨਾਲ ਕਬੂਲਿਆ ਹੈ। ਇਸ ਰੁਚੀ ਤਹਿਤ ਜੁਆਨ ਕੁਆਰੀਆਂ ਕੁੜੀਆਂ ਦਾ ਸਰੀਰ 'ਤੇ ਘੱਟ ਕੱਪੜੇ ਪਾਉਣ ਘਰੋਂ ਭੱਜਣ, ਅਣ ਵਿਵਾਹਤ ਜੋੜਿਆਂ ਦੇ ਰੂਪ ਵਿਚ ਰਹਿਣ, ਗਰਭਵਤੀ ਹੋਣ ਅਤੇ ਗਰਭਪਾਤ ਕਰਵਾਉਣ ਆਦਿ ਵੱਲ ਰੁਝਾਣ ਵਧ ਰਿਹਾ ਹੈ। ਸਾਮੰਤੀ ਸਭਿਆਚਾਰ ਵਿਚ ਇਹ ਗੱਲਾਂ ਵਿਵਰਜਿਤ ਹਨ ਜਿਸ ਕਾਰਨ ਪਹਿਲੀ ਪੀੜ੍ਹੀ ਦੇ ਧੀ ਪ੍ਰਤੀ ਸਿਰਜੇ ਸਭਿਆਚਾਰਕ ਮੁੱਲ ਖਿਚਾਓ ਦੀ ਅਵਸਥਾ ਵਿਚ ਆ ਜਾਂਦੇ ਹਨ ਅਤੇ 'ਘਰ ਦੀ ਇਜ਼ਤ' ਦਾ ਸੰਕਲਪ ਮਿੱਟੀ ਵਿਚ ਮਿਲ ਜਾਂਦਾ ਹੈ।੭

ਖੁੱਲ੍ਹ-ਮ-ਖੁੱਲ੍ਹੀ ਤੇ ਮਨਚਾਹੀ ਜ਼ਿੰਦਗੀ ਜਿਉਣ ਦੀ ਲਾਲਸਾ ਦੇ ਅੰਤਰਗਤ ਪਰਵਾਸੀ ਪੰਜਾਬੀ ਕੁੜੀਆਂ ਦੇਹ-ਵਪਾਰ ਦੇ ਧੰਦੇ ਵਿਚ ਵੀ ਪੈ ਜਾਂਦੀਆਂ ਹਨ। ਹਥਲੀ ਰਚਨਾ ਵਿਚ

ਲੇਖਕ ਜਦੋਂ ਨਿਊਯਾਰਕ ਵਿਚ ਰੈਡ ਲਾਇਟ ਏਰੀਏ ਵਿਚ 'ਪੀਪ ਸ਼ੋਅ' ਅਤੇ 'ਨਿਊਡ ਕਲੱਬ' ਵਿਚ ਨਗਨ ਮੁਟਿਆਰਾਂ ਦਾ ਨਾਚ ਵੇਖਦਾ ਹੈ ਤਾਂ ਇਹ ਮੁਟਿਆਰਾਂ ਸਭ ਰੰਗਾਂ, ਨਸਲਾਂ ਤੇ ਕੱਦ-ਬੁੱਤ ਦੀਆਂ ਸਨ।

ਇਸ ਤਰ੍ਹਾਂ ਨੌਜਵਾਨ ਪੀੜ੍ਹੀ ਦਾ ਲੋੜ, ਮਜ਼ਬੂਰੀ ਅਤੇ ਜ਼ਿੰਦਗੀ ਦੇ ਜਸ਼ਨ ਲਈ ਬੇਮੁਹਾਰ ਹੋ ਕੇ ਪੱਛਮੀ ਸਮਾਜ ਵਿਚ ਵਿਚਰਨਾ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਲਈ ਘੋਰ ਸਭਿਆਚਾਰਕ ਦਵੰਦ ਦੀ ਸਥਿਤੀ ਪੈਦਾ ਕਰਦਾ ਹੈ। ਇਸੇ ਪਾੜੇ ਕਾਰਨ ਦੋਵੇਂ ਪੀੜ੍ਹੀਆਂ ਅੰਤਰ ਸਭਿਆਚਾਰਕ ਦਵੰਦ ਦੀਆਂ ਭਾਗੀਦਾਰ ਬਣਦੀਆਂ ਹਨ। ਦੂਜੀ ਪੀੜ੍ਹੀ ਦੇ ਮੁਕਾਬਲੇ ਪਹਿਲੀ ਪੀੜ੍ਹੀ ਦਾ ਦਵੰਦ ਵਧੇਰੇ ਤੀਬਰ ਹੈ। ਪਹਿਲੀ ਪੀੜ੍ਹੀ ਜਦੋਂ ਓਪਰੀ ਸਪੇਸ ਦੀਆਂ ਕਦਰਾਂ-ਕੀਮਤਾਂ ਨਾਲ ਸਬੰਧਿਤ ਹੋ ਰਹੀ ਦੂਜੀ ਪੀੜ੍ਹੀ ਨਾਲ ਬਹੁਤ ਜਿਆਦਾ ਦਵੰਦ ਦੀ ਅਵਸਥਾ ਵਿਚ ਆ ਜਾਂਦੀ ਹੈ ਤਾਂ ਉਹ ਇਸ ਦਾ ਹੱਲ ਘਰ ਛੱਡਣ ਵਿਚ ਵੇਖਦੀ ਹੈ। ਇਸ ਰਜਿਸਟੈਂਸ ਦੇ ਨਤੀਜੇ ਵਜੋਂ ਪਰਿਵਾਰਕ ਸੰਰਚਨਾ ਵਿਚ ਵਿਗਠਨ ਸ਼ੁਰੂ ਹੁੰਦਾ ਹੈ। ਪੰਜਾਬੀਆਂ ਦਾ ਸਾਂਝਾ ਪਰਿਵਾਰਕ ਸੰਗਠਨ ਕਿਰਾਏ ਦੇ ਮਕਾਨਾਂ ਵਿਚ ਬਦਲਣਾ ਸ਼ੁਰੂ ਹੁੰਦਾ ਹੈ। ਇਸ ਤਰ੍ਹਾਂ ਸਾਂਝੀ ਪਰਿਵਾਰਕ ਪ੍ਰਥਾ ਟੁੱਟਦੀ ਹੈ ਅਤੇ ਉਹ ਗਹਿਰੇ ਅੰਤਰ-ਸਭਿਆਚਾਰਕ ਦਵੰਦ ਦਾ ਸ਼ਿਕਾਰ ਹੋ ਜਾਂਦੀ ਹੈ।

ਪਰਵਾਸੀਆਂ ਦੀ ਪਹਿਲੀ ਪੀੜ੍ਹੀ ਜੋ ਬਜ਼ੁਰਗੀ ਹੰਢਾ ਰਹੀ ਹੈ ਜਦੋਂ ਉਹ ਪੱਛਮੀ ਮੁਲਕਾਂ ਵਿਚ ਵਸਦੇ ਆਪਣੇ ਪਰਿਵਾਰਾਂ ਵਿਚ ਵਿਚਰਦੀ ਹੈ ਤਾਂ ਉਹ ਵੀ ਅੰਤਰ-ਸਭਿਆਚਾਰਕ ਦਵੰਦ ਦੀ ਸ਼ਿਕਾਰ ਹੋ ਜਾਂਦੀ ਹੈ। ਪਰਵਾਸੀਆਂ ਦੀ ਦੂਜੀ ਪੀੜ੍ਹੀ ਕੁਝ ਹੱਦ ਤੱਕ ਤੇ ਨਵੀਂ ਪੀੜ੍ਹੀ (ਨੌਜੁਆਨ) ਪੂਰੀ ਤਰ੍ਹਾਂ ਪੱਛਮੀ ਸਭਿਆਚਾਰ ਦੀਆਂ ਰਹੁ ਰੀਤਾਂ ਤਹਿਤ ਆਪਣੇ ਭਾਰਤੀ/ਪੰਜਾਬੀ ਸਭਿਆਚਾਰ ਦੀਆਂ ਰਹੁ ਰੀਤਾਂ ਤੋਂ ਨਾਬਰ ਹੋ ਗਈਆਂ ਹਨ। ਇਸ ਦਾ ਪਹਿਲਾ ਪ੍ਰਭਾਵ ਇਹ ਬਣਦਾ ਹੈ ਕਿ ਉਹ ਆਪਣੇ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਕੋਈ ਅਹਿਮੀਅਤ ਨਹੀਂ ਦਿੰਦੀਆਂ। ਪੱਛਮੀ ਪ੍ਰਭਾਵ ਦੇ ਇਸ ਮੁਸੱਲਸਲ ਸਿਲਸਲੇ ਵਿਚ ਬਜ਼ੁਰਗ ਪੀੜ੍ਹੀ ਗਹਿਰੇ ਸਭਿਆਚਾਰਕ ਦਵੰਦ ਵਿਚੋਂ ਗੁਜ਼ਰ ਰਹੀ ਹੈ। ਪੰਜਾਬੀ ਸਭਿਆਚਾਰ ਦਾ ਮਜ਼ਬੂਤ ਰਿਸ਼ਤਾ-ਨਾਤਾ ਪ੍ਰਬੰਧ ਪੱਛਮੀ ਮੁਲਕਾਂ ਵਿਚ ਆ ਕੇ ਵਿਖੰਡਤ ਹੋਣਾ ਸ਼ੁਰੂ ਹੋ ਜਾਂਦਾ ਹੈ। ਸਾਂਝੀਵਾਲਤਾ ਅਤੇ ਪਿਆਰ ਮੁਹੱਬਤ ਦੀ ਬੁਨਿਆਦ 'ਤੇ ਉਸਰੀ ਸਾਂਝੀ ਪਰਿਵਾਰਕ ਸੰਰਚਨਾ ਇਕਹਿਰੇ ਪਰਿਵਾਰਾਂ ਵਿਚ ਟੁੱਟਣੀ ਸ਼ੁਰੂ ਹੁੰਦੀ ਹੈ। ਬਜ਼ੁਰਗ ਪੀੜ੍ਹੀ ਆਪਣੇ ਵਿਸ਼ੇਸ਼ ਸਭਿਆਚਾਰਕ ਅਵਚੇਤਨ ਕਾਰਨ ਆਪਣੇ ਨੂੰਹਾਂ ਪੁੱਤਰਾਂ ਤੋਂ ਸੇਵਾ ਅਤੇ ਸਲਾਹ ਦੀ ਤਵੱਕੋ ਕਰਦੇ ਹਨ ਪਰ ਉਹ ਇਸ ਤੋਂ ਉਲਟ ਭੁਗਤਦੇ ਹਨ। ਹਥਲੀ ਰਚਨਾ ਵਿਚ ਪ੍ਰੀਤਮ ਸਿੱਧੂ ਬਜੁਰਗਾਂ ਬਾਰੇ ਲੇਖਕ ਨੂੰ ਆਖਦਾ ਹੈ :

> " ...ਇਹ ਤਾਂ ਵਿਚਾਰੇ ਦਿਨ ਕਟੀ ਕਰਕੇ ਹੁਣ ਸਾਊਥਹਾਲ ਦੇ ਪਾਰਕ 'ਚੋਂ ਮੁੜੇ ਆ, ਹੁਣ ਜਾ ਕੇ ਕੁੱਕੜਾਂ ਵਾਂਗੂੰ ਘਰਾਂ ਦੇ ਘੁੱਡੇ 'ਚ ਤੜ ਜਾਣਗੇ। ਅਜੇ ਮਹੀਨਿ ਕੁ ਨੂੰ ਨਵੰਬਰ ਦੀ ਠੰਡ ਆਉਣ ਦੇ, ਸਾਰਾ ਦਿਨ ਘਰੇ ਰਹਿਣਗੇ ਤਾਂ

ਨੂੰਹਾਂ-ਪੁੱਤ ਭੰਨਣਗੇ ਗੋਡੇ, ਜੇ ਬਾਹਰ ਨਿਕਲਣਗੇ ਤਾਂ ਸਿਆਲ ਦਾ ਠੱਕਾ - ਕੱਢੂ ਜੋੜਾਂ ਚੋਂ ਕੜੱਲ।''(ਉਹੀ, ਪੰਨਾ 170)

ਸਧਾਰਨ ਨਜ਼ਰ ਨਾਲ ਵੇਖਿਆਂ ਬੇਸ਼ੱਕ ਇਹ ਬਜ਼ੁਰਗ ਕੋਟ-ਪੈਂਟਾਂ ਵਿਚ ਲਿਸ਼ਕੇ ਫਿਰਦੇ ਹਨ, ਪਰ ਆਪਣੇ ਅੰਦਰ ਹੇਰਵੇ ਦੇ ਸਮੁੰਦਰ ਡੱਕੀ ਫਿਰਦੇ ਹਨ। ਇਹ ਪਹਿਲੀ ਪੀੜ੍ਹੀ ਦੇ ਬਜ਼ੁਰਗ ਆਪਣੀਆਂ ਭਾਰਤੀ ਨੈਤਿਕ ਕਦਰਾਂ-ਕੀਮਤਾਂ ਤਹਿਤ ਉਸ ਸਾਂਝੇ ਪਰਿਵਾਰਕ ਢਾਂਚੇ ਨੂੰ ਬਣਾਈ ਰੱਖਣਾ ਚਾਹੁੰਦੇ ਹਨ ਜਿਸ ਵਿਚ ਉਨ੍ਹਾਂ ਦੀ ਵੀ ਸਥਿਤੀ ਘਰ ਦੇ ਮੁਖੀ ਵਾਲੀ ਹੋਵੇ। ਹਰ ਕੰਮ ਉਹਨਾਂ ਤੋਂ ਪੁੱਛ ਕੇ ਕੀਤਾ ਜਾਵੇ। ਪੋਤੇ-ਪੋਤੀਆਂ ਉਹਨਾਂ ਦੀ ਸੇਵਾ ਕਰਨ ਤੇ ਉਹਨਾਂ ਕੋਲ ਬੈਠ ਕੇ ਕਹਾਣੀਆਂ-ਬਾਤਾਂ ਸੁਣਨ। ਪਰ ਬੱਚੇ ਪੱਛਮੀ ਪੂੰਜੀਵਾਦੀ ਵਿਅਕਤੀਵਾਦੀ ਸਭਿਆਚਾਰਕ ਸਿਸਟਮ ਵਿਚ ਰਹਿਣ ਕਾਰਨ ਵਿਅਕਤੀਵਾਦੀ ਰੁਚੀਆਂ ਦੇ ਧਾਰਨੀ ਹਨ, ਜਿਸ ਕਰਕੇ ਉਹ ਭਾਰਤੀ ਸਭਿਆਚਾਰਕ ਪ੍ਰਤੀਮਾਨਾਂ 'ਤੇ ਖਰਾ ਨਹੀਂ ਉਤਰ ਸਕਦੇ। ਬਜ਼ੁਰਗ ਪੀੜ੍ਹੀ ਦਾ ਦੁਖਾਂਤ ਇਹ ਹੈ ਕਿ ਉਹ ਸਰੀਰਕ ਤੌਰ 'ਤੇ ਪੱਛਮੀ ਸਭਿਆਚਾਰ ਵਿਚ ਵਿਚਰ ਰਹੇ ਹਨ ਪਰ ਅਵਚੇਤਨੀ ਤੌਰ 'ਤੇ ਉਹ ਭਾਰਤੀ ਸਭਿਆਚਾਰਕ ਧਰਾਤਲ 'ਤੇ ਵਿਚਰ ਰਹੇ ਹਨ, ਜਿਸ ਕਰਕੇ ਦੋਨਾਂ ਧਰਾਤਲਾਂ ਵਿਚਕਾਰਲੀ ਦੁਬਿਧਾ ਉਹਨਾਂ ਦੀ ਹੋਣੀ ਬਣ ਗਈ ਹੈ। ਉਹ ਇਹਨਾਂ ਸਥਿਤੀਆਂ ਤੋਂ ਜਾਣੂੰ ਤਾਂ ਹਨ ਪਰ ਮੌਜੂਦਾ ਹਾਲਾਤ ਅਜਿਹੇ ਹਨ ਕਿ ਨਾ ਤਾਂ ਉਹ ਆਪਣੀਆਂ ਭਾਰਤੀ ਰੁਚੀਆਂ ਤਹਿਤ ਆਪਣੇ ਬੱਚਿਆਂ ਨੂੰ ਛੱਡ ਸਕਦੇ ਹਨ ਤੇ ਨਾ ਹੀ ਉਹਨਾਂ ਨਾਲ ਵਿਤਕਰਿਆਂ ਵਾਲੀ ਬੇਮਾਹਨੀ ਜ਼ਿੰਦਗੀ ਜੀਅ ਸਕਦੇ ਹਨ। ਅਜਿਹੀ ਦੁਬਿਧਾਮਈ ਸਥਿਤੀ ਨੂੰ ਭੋਗਦੇ ਹੋਏ ਉਹ ਅੰਤਰ-ਸਭਿਆਚਾਰਕ ਦਵੰਦਾਂ ਦੇ ਸ਼ਿਕਾਰ ਹੁੰਦੇ ਹਨ। ਹਥਲੀ ਰਚਨਾ ਵਿਚ ਉਹ ਆਪਣੇ ਅੰਦਰ ਦੀ ਵਿਥਿਆ ਨੂੰ ਕਵਿਤਾ ਰਾਹੀਂ ਇਉਂ ਬਿਆਨ ਕਰਦੇ ਹਨ -

'' - ਬੁਢਾਪੇ 'ਚ ਨਹੀਂ ਦਿੰਦੇ ਪਾਣੀ ਵੀ ਪੀਣ ਨੂੰ,
ਮਰਿਆਂ ਮਗਰੋਂ ਮੂੰਹ 'ਚ ਘਿਓ ਵੀ ਪਾਉਣਗੇ।
ਹੁਣ ਤਾਂ ਮਨਾਵੇ ਨਾ ਰੁੱਸਿਆਂ ਨੂੰ ਕੋਈ,
ਫੇਰ ਇਹ ਸਾਰੇ ਸਰਾਧ ਵੀ ਮਨਾਉਣਗੇ।
- ਹੇ ਪੰਛੀ ਉੱਡ ਜਾ ਸੋਨੇ ਦੇ ਪਿੰਜਰੇ 'ਚੋਂ,
ਏਥੇ ਸਭ ਰੁੱਖ ਨਿਪੱਤਰੇ
ਜਿਨ੍ਹਾਂ ਦੇ ਫਲ ਕੌੜੇ ਤੇ ਫੁੱਲ ਬਕਬਕੇ
ਮਾਰ ਜਾ ਉਡਾਰੀ ਆਪਣੇ ਵਤਨ ਨੂੰ।'' (ਉਹੀ, ਪੰਨਾ 174)

ਇਉਂ ਪਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਦੇ ਬਜ਼ੁਰਗ ਵਿਦੇਸ਼ਾਂ ਵਿਚ ਜੀਵਨ ਦੀਆਂ ਸਾਰੀਆਂ ਦੇਹਵਾਦੀ ਸਹੂਲਤਾਂ ਦੇ ਬਾਵਜੂਦ ਅੰਦਰੋਂ ਤਿੜਕੇ ਪਏ ਹਨ ਅਤੇ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਦੀ ਅਣਹੋਂਦ ਵਿਚ ਸੰਕਟਮਈ ਸਥਿਤੀਆਂ ਭੋਗ ਰਹੇ ਹਨ। ਪਰ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਇਹ ਦੁਖਾਂਤ ਵਿਦੇਸ਼ਾਂ ਵਿਚ

ਰਹਿ ਰਹੇ ਬਜ਼ੁਰਗ ਹੀ ਨਹੀਂ ਭੋਗਦੇ ਸਗੋਂ ਆਪਣੇ ਦੇਸ਼, ਆਪਣੇ ਘਰ ਰਹਿੰਦੇ ਬਜ਼ੁਰਗ ਵੀ ਭੋਗ ਰਹੇ ਹਨ, ਕਿਉਂਕਿ ਅਜੋਕਾ ਦੌਰ ਵਿਸ਼ਵੀਕਰਨ/ਨਿਜੀਕਰਨ ਦਾ ਦੌਰ ਹੈ। ਇਸ ਵਿਚ ਸੂਚਨਾ ਕ੍ਰਾਂਤੀ ਦੇ ਆਉਣ ਨਾਲ ਪੱਛਮੀ ਮੁਲਕਾਂ ਦੀਆਂ ਪਦਾਰਥਵਾਦੀ/ਨਿੱਜਵਾਦੀ/ ਵਿਅਕਤੀਵਾਦੀ ਰੁਚੀਆਂ ਪੰਜਾਬੀ ਬੰਦੇ ਦੇ ਅੰਦਰ ਸਮਾ ਗਈਆਂ ਹਨ ਜਿਸ ਕਾਰਨ ਭਾਰਤ/ਪੰਜਾਬ ਵਿਚ ਵੀ ਸਾਂਝੇ ਪਰਿਵਾਰਕ ਢਾਂਚੇ ਟੁੱਟ ਰਹੇ ਹਨ ਤੇ ਬਜ਼ੁਰਗਾਂ ਦੀ ਪਹਿਲਾਂ ਵਾਲੀ ਸਰਦਾਰੀ ਖੁੱਸ ਰਹੀ ਹੈ। ਇਸ ਕਰਕੇ ਬਜ਼ੁਰਗ ਪੀੜ੍ਹੀ ਦੇਸ ਤੇ ਪ੍ਰਦੇਸ ਦੋਹਾਂ ਥਾਵਾਂ 'ਤੇ ਹੀ ਬਨਵਾਸੀਆਂ ਵਾਲੀਆਂ ਸਥਿਤੀਆਂ ਦੀ ਭਾਗੀ ਬਣੀ ਜਾ ਰਹੀ ਹੈ। ਹਥਲੀ ਰਚਨਾ ਦੇ ਹਵਾਲੇ ਨਾਲ ਅਸੀਂ ਕਹਿ ਸਕਦੇ ਹਾਂ ਕਿ ਪ੍ਰਦੇਸਾਂ ਵਿਚਲੇ ਭਾਈਚਾਰੇ ਦੀਆਂ ਤਿੰਨੇ ਪੀੜ੍ਹੀਆਂ ਪੀੜ੍ਹੀ-ਪਾੜੇ ਕਰਕੇ ਅੰਤਰ-ਸਭਿਆਚਾਰਕ ਦਵੰਦਾਂ ਦੀਆਂ ਸ਼ਿਕਾਰ ਹੁੰਦੀਆਂ ਹਨ। ਤਿੰਨੇ ਪੀੜ੍ਹੀਆਂ ਆਪਣੇ ਪ੍ਰਾਪਤ ਯਥਾਰਥ ਅਤੇ ਇੱਛਤ ਯਥਾਰਥ ਦੇ ਵਿਚਕਾਰਲੀ ਸਥਿਤੀ ਨੂੰ ਭੋਗਣ ਲਈ ਮਜ਼ਬੂਰ ਹਨ।

ਅਸੀਂ ਕਹਿ ਸਕਦੇ ਹਾਂ ਕਿ ਪ੍ਰੋ. ਬਲਦੇਵ ਸਿੰਘ ਧਾਲੀਵਾਲ ਦਾ ਸਫ਼ਰਨਾਮਾ 'ਮੋਤੀਆਂ ਦੀ ਚੋਗ' ਪਰਵਾਸੀ ਪੰਜਾਬੀਆਂ ਨੂੰ ਦਰਪੇਸ਼ ਅੰਤਰ-ਸਭਿਆਚਾਰਕ ਦਵੰਦਾਂ ਦੇ ਪ੍ਰੇਰਕਾਂ ਨੂੰ ਰਜਿਸਟਰ ਕਰਨ ਵਾਲੀ ਮਹੱਤਵਪੂਰਨ ਰਚਨਾ ਹੈ। ਉਸ ਦਾ ਇਹ ਸਫ਼ਰਨਾਮਾ ਆਪਣੇ ਚਰਿੱਤਰ ਵਿਚ ਹੀ ਬਹੁਕੋਣੀ ਹੈ। ਇਸ ਰਚਨਾ ਦਾ ਪਾਠ ਜੇ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਦੀ ਖੁਸ਼ਹਾਲੀ ਦੀ ਬਾਤ ਪਾਉਂਦਾ ਹੈ ਤਾਂ ਨਾਲ ਹੀ 'ਜੌਬਾਂ' ਦੀਆਂ ਸ਼ਿਫਟਾਂ ਵਿਚ ਬੱਝੀ ਜ਼ਿੰਦਗੀ ਦੀ ਨੀਰਸਤਾ ਦਾ ਚਿੱਤਰ ਵੀ ਉਲੀਕਦਾ ਹੈ। ਅਗਲੀ ਪੀੜ੍ਹੀ ਦੇ ਭਾਰੂ ਅਤੇ ਮੁਖ-ਸਭਿਆਚਾਰ ਵਿਚ ਖਚਤ ਹੋ ਜਾਣ ਦੀ ਵੇਦਨਾਂ ਪਰਵਾਸੀਆਂ ਦੀ ਹਿਕ ਪਾੜ ਕੇ ਬਾਹਰ ਆਉਂਦੀ ਹੈ। ਰਚਨਾ-ਪਾਠ ਦਾ ਅਜਿਹਾ ਸੰਤੁਲਨ ਸਾਹਿਤ ਕਿਰਤ ਨੂੰ ਸਫ਼ਲ ਕਿਰਤ ਦੀ ਕੋਟੀ ਵਿਚ ਲਿਆ ਖੜ੍ਹਾ ਕਰਦਾ ਹੈ।[10]

ਇਸ ਰਚਨਾ ਵਿਚ ਪਰਵਾਸੀ ਪੰਜਾਬੀਆਂ ਦਾ ਪੂਰਬਵਾਦੀ ਦ੍ਰਿਸ਼ਟੀਕੋਣ ਜਦੋਂ ਪੱਛਮੀ ਦ੍ਰਿਸ਼ਟੀਕੋਣ ਨਾਲ ਟਕਰਾਉਂਦਾ ਹੈ ਤਾਂ ਅੰਤਰ-ਸਭਿਆਚਾਰਕ ਦਵੰਦਾਂ ਦੀ ਸ਼ੁਰੂਆਤ ਹੁੰਦੀ ਹੈ। ਪੱਛਮੀ ਜੀਵਨ ਸ਼ੈਲੀ ਦੇ ਅੰਤਰਗਤ ਪਰਵਾਸੀ ਪੰਜਾਬੀ ਪਦਾਰਥਵਾਦੀ ਰੁਚੀਆਂ ਨੂੰ ਅਪਣਾਉਂਦੇ ਹਨ ਪਰ ਸਭਿਆਚਾਰਕ ਧਰਾਤਲ 'ਤੇ ਉਹ ਪੂਰਬੀ ਰੁਚੀਆਂ ਤੋਂ ਪਿੱਛਾ ਨਹੀਂ ਛੁਡਾ ਸਕਦੇ ਜਿਸ ਕਰਕੇ ਗਹਿਰੇ ਸਭਿਆਚਾਰਕ ਸੰਕਟ ਵਿਚ ਪੈਂਦੇ ਹਨ। ਇਸੇ ਤਰ੍ਹਾਂ ਨਸਲੀ ਵਿਤਕਰਾ ਜੋ ਪੱਛਮ ਦੇ ਮੂਲ ਵਾਸੀਆਂ ਵੱਲੋਂ ਨਵੇਂ-ਨਵੇਂ ਗਏ ਪਰਵਾਸੀਆਂ ਨਾਲ ਕੀਤਾ ਜਾਂਦਾ ਹੈ, ਸਭਿਆਚਾਰਕ ਦਵੰਦਾਂ ਦਾ ਕਾਰਨ ਬਣਦਾ ਹੈ। ਅੰਤਰ-ਨਸਲੀ ਅਤੇ ਅੰਤਰ-ਜਾਤੀ ਵਿਆਹ ਸੰਬੰਧ ਵੀ ਪਰਵਾਸੀਆਂ ਦੇ ਅੰਤਰ-ਸਭਿਆਚਾਰਕ ਦਵੰਦਾਂ ਵਿਚ ਵਾਧਾ ਕਰਦੇ ਹਨ।

ਪੀੜ੍ਹੀ-ਪਾੜਾ ਪਰਵਾਸੀ ਪੰਜਾਬੀ ਭਾਈਚਾਰੇ ਦੇ ਅੰਤਰ-ਸਭਿਆਚਾਰਕ ਦਵੰਦਾਂ ਦਾ ਮੂਲ ਪ੍ਰੇਰਕ ਬਣਕੇ ਉਭਰਿਆ ਹੈ। ਪਰਵਾਸੀ ਪੰਜਾਬੀਆਂ ਦੀ ਦੂਜੀ ਪੀੜ੍ਹੀ ਪੱਛਮੀ ਪੂੰਜੀਵਾਦੀ

ਰੁਚੀਆਂ ਤਹਿਤ ਆਰਥਿਕ ਤੌਰ 'ਤੇ ਤਾਂ ਮਜਬੂਤ ਹੋ ਜਾਂਦੀ ਹੈ ਪਰ ਸਮਾਜਕ ਤੌਰ 'ਤੇ ਪੂਰਬੀ ਸਭਿਆਚਾਰਕ ਮੁੱਲਾਂ ਨੂੰ ਆਪਣੇ ਅੰਦਰੋਂ ਖਾਰਜ ਨਹੀਂ ਕਰ ਸਕਦੀ। ਇਸ ਕਰਕੇ ਇਹ ਪੀੜ੍ਹੀ ਨਵੀਂ ਪੀੜ੍ਹੀ ਨੂੰ ਪੰਜਾਬੀ ਸਭਿਆਚਾਰ ਅਨੁਸਾਰ ਜੀਵਨ ਜਿਉਣ ਲਈ ਪ੍ਰੇਰਦੀ ਹੈ ਪਰ ਨਵੀਂ ਪੀੜ੍ਹੀ ਪੱਛਮੀ ਸਭਿਆਚਾਰ ਵਿਚ ਪੈਦਾ ਹੋਈ ਅਤੇ ਪ੍ਰਵਾਨ ਚੜ੍ਹੀ ਹੋਣ ਕਰਕੇ ਪੁਰਾਣੀ ਪੀੜ੍ਹੀ ਦਾ ਵਿਰੋਧ ਕਰਦੀ ਹੈ ਤੇ ਪੱਛਮੀ ਦੇਹਵਾਦੀ ਰੁਚੀਆਂ ਨੂੰ ਤਰਜੀਹ ਦਿੰਦੀ ਹੈ, ਜਿਸ ਕਰਕੇ ਉਹਨਾਂ ਵਿਚ ਸਭਿਆਚਾਰਕ ਦਵੰਦ ਪੈਦਾ ਹੋ ਜਾਂਦੇ ਹਨ। ਇਸੇ ਤਰ੍ਹਾਂ ਪਰਵਾਸੀਆਂ ਦੀ ਬਜ਼ੁਰਗ ਪੀੜ੍ਹੀ ਜੋ ਪਰਵਾਸ ਵਿਚ ਆਪਣੀ ਔਲਾਦ ਨੂੰ ਮਿਲਣ ਆਉਂਦੀ ਹੈ ਪਰ ਪੱਛਮੀ ਧਰਤੀ 'ਤੇ ਰਹਿ ਰਹੇ ਨੂੰਹਾਂ-ਪੁੱਤ ਪੌਡਾਂ ਦੀ ਦਲਦਲ ਵਿਚ ਏਨਾ ਜਿਆਦਾ ਧੱਸ ਚੁੱਕੇ ਹਨ ਕਿ ਉਨ੍ਹਾਂ ਕੋਲ ਆਪਣੇ ਮਾਪਿਆਂ ਨਾਲ ਸੁੱਖ-ਦੁੱਖ ਸਾਂਝਾ ਕਰਨ ਦਾ ਵੀ ਸਮਾਂ ਨਹੀਂ ਰਹਿ ਗਿਆ, ਜਿਸ ਕਰਕੇ ਬਜ਼ੁਰਗ ਮਾਪੇ ਘਰ ਵਿਚ ਇਕੱਲਤਾ, ਬੇਗਾਨਗੀ ਕਾਰਨ ਸੰਕਟ ਵਿਚ ਹਨ। ਇਉਂ ਪੱਛਮੀ ਪੂੰਜੀਵਾਦੀ, ਪਦਾਰਥਵਾਦੀ, ਵਿਅਕਤੀਵਾਦੀ ਸਭਿਆਚਾਰ ਅਤੇ ਪੂਰਬੀ ਸਾਮੰਤੀ ਸਭਿਆਚਾਰ ਦੀਆਂ ਅੰਤਰ-ਕਿਰਿਆਵਾਂ ਅਤੇ ਵਿਰੋਧਤਾਵਾਂ ਵਿਚੋਂ ਅੰਤਰ-ਸਭਿਆਚਾਰਕ ਦਵੰਦ ਇਕ ਅਟੱਲ ਵਰਤਾਰੇ ਵਜੋਂ ਸਾਹਮਣੇ ਆਉਂਦਾ ਹੈ, ਜੋ ਪਰਵਾਸੀ ਪੰਜਾਬੀਆਂ ਨੂੰ ਆਪਣੀ ਗਰਿਫ਼ਤ ਵਿਚ ਜਕੜੀ ਬੈਠਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਸੁਖਪਾਲ ਸਿੰਘ ਥਿੰਦ, "ਮੋਤੀਆਂ ਦੀ ਚੋਗ : ਸਫ਼ਰਨਾਮੇ ਦੀਆਂ ਨਵੀਆਂ ਸੰਭਾਵਨਾਵਾਂ ਦਾ ਸੰਗਮ", ਖੋਜ ਪੇਪਰ।
2. ਡਾ. ਹਰਬਿੰਦਰ ਕੌਰ, **ਉਤਰੀ ਅਮਰੀਕਾ ਦਾ ਪੰਜਾਬੀ ਸਾਹਿਤ : ਸਮਾਜ ਸ਼ਾਸਤਰੀ ਪਰਿਪੇਖ,** ਪੰਨਾ 114.
3. ਡਾ. ਪੁਸ਼ਪਿੰਦਰ ਕੌਰ, **ਪਰਵਾਸੀ ਪੰਜਾਬੀ ਸਾਹਿਤ ਦੇ ਮਸਲੇ,** ਪੰਨਾ 168.
4. ਉਹੀ, **ਪੰਨਾ 174.**
5. ਉਹੀ, **ਪੰਨਾ 180.**
6. ਡਾ. ਹਰਚੰਦ ਸਿੰਘ ਬੇਦੀ, **ਪਰਵਾਸੀ ਪੰਜਾਬੀ ਸਾਹਿਤ ਦੇ ਮਸਲੇ,** ਪੰਨਾ 13.
7. ਡਾ. ਪ੍ਰੀਤਮ ਸਿੰਘ ਕੈਂਬੋ , **ਬਦੇਸ਼ੀ ਪੰਜਾਬੀ ਸਾਹਿਤ,** ਪੰਨਾ 134.
8. ਡਾ. ਪੁਸ਼ਪਿੰਦਰ ਕੌਰ, ਉਹੀ ਰਚਨਾ, ਪੰਨਾ 169.
9. ਉਹੀ, ਪੰਨਾ 169.
10. ਡਾ. ਸੁਖਪਾਲ ਸਿੰਘ ਥਿੰਦ, ਉਹੀ ਰਚਨਾ.